ਸਕੂਲ ਸਿੱਖਿਆ ਵਿਭਾਗ, ਪੰਜਾਬ

ਘਰ-ਘਰ ਵਿੱਦਿਆ, ਘਰ-ਘਰ ਖ਼ੁਸ਼ਹਾਲੀ

ੴ
ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ ॥
ਸ੍ਰੀ ਗੁਰੂ ਤੇਗ ਬਹਾਦਰ ਜੀ
400ਵਾਂ ਪ੍ਰਕਾਸ਼ ਪੁਰਬ
1621-2021

ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਲਈ

# CAREER GUIDANCE compendium

## ਕਿੱਤਾ ਮੁਖੀ ਕੋਰਸ : ਇੱਕ ਝਾਤ

S.C.E.R.T.

www.ssapunjab.org

# ਨੋਟ

9ਵੀਂ ਅਤੇ 12ਵੀਂ ਤੋਂ ਬਾਅਦ ਦੇ ਸਹੀ ਕੋਰਸ ਦੀ ਚੋਣ ਕਰਦਿਆਂ ਵਿਦਿਆਰਥੀਆਂ ਦੀ ਸਹੂਲਤ ਲਈ ਕੋਰਸਾਂ ਦਾ ਸੰਯੋਜਨ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਹਾਲਾਂਕਿ ਸੰਖੇਪ ਵਿੱਚ, ਰਵਾਇਤੀ, ਪ੍ਰਸਿੱਧ ਅਤੇ ਨਵ-ਉਮਰ ਦੇ ਕੋਰਸਾਂ ਬਾਰੇ ਸਾਰੀ ਜਾਣਕਾਰੀ ਪ੍ਰਦਾਨ ਕਰਨ ਲਈ ਪੂਰੀ ਸਾਵਧਾਨੀ ਵਰਤੀ ਗਈ ਹੈ, ਲੇਕਿਨ ਇਹ ਅਜੇ ਵੀ ਇੰਨਾ ਵਿਆਪਕ ਨਹੀਂ ਹੋ ਸਕਦਾ। ਇਰਾਦਾ ਵਿਦਿਆਰਥੀਆਂ ਵਿੱਚ ਜਾਗਰੂਕਤਾ ਪੈਦਾ ਕਰਨ ਤੱਕ ਸੀਮਿਤ ਹੈ । ਕਿਸੇ ਵੀ ਅਣਜਾਣੇ ਵਿੱਚ ਹੋਈ ਕਮੀ, ਜਾਣਕਾਰੀ ਵਿਚ ਤਬਦੀਲੀ ਹੋ ਸਕਦੀ ਹੈ।

ਵੇਰਵਿਆਂ, ਵਰਗੀਕਰਨਾਂ ਜਾਂ ਸੰਜੋਗਾਂ ਲਈ, ਵਿਦਿਆਰਥੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਵਿਅਕਤੀਗਤ ਸੰਸਥਾਵਾਂ ਦੀਆਂ ਅਧਿਕਾਰਤ ਵੈੱਬਸਾਈਟਾਂ ’ਤੇ ਜਾਣ।

ਵਧੇਰੀ ਜਾਣਕਾਰੀ ਲਈ NCS ਦੀ ਵੈੱਬਸਾਈਟ www.ncs.gov.in ਦੇਖ ਲਈ ਜਾਵੇ।

## ਸੰਪਾਦਕ ਦੀ ਕਲਮ ਤੋਂ............

ਕੋਈ ਵੀ ਇਨਸਾਨ ਆਪਣੇ ਜੀਵਨ ਦੇ ਉਦੇਸ਼ਾਂ ਨੂੰ ਧਿਆਨ ਵਿੱਚ ਰੱਖਦਾ ਹੋਇਆ ਜਿਹੜਾ ਕੰਮ ਕਰਕੇ ਆਮਦਨ ਕਰਦਾ ਹੈ ਅਤੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਦਾ ਹੈ, ਉਹ ਉਸਦਾ ਕਿੱਤਾ ਹੁੰਦਾ ਹੈ, ਕਿੱਤੇ ਦੀ ਚੋਣ ਕਰਨਾ ਜੇਕਰ ਅਸੰਭਵ ਨਹੀਂ ਤਾਂ ਇੰਨ੍ਹਾਂ ਸੋਖਾ ਕੰਮ ਵੀ ਨਹੀਂ ਕਿਉਂਕਿ ਕਿੱਤੇ ਦੀ ਚੋਣ ਹੀ ਕਿਸੇ ਵਿਅਕਤੀ ਦੇ ਜੀਵਨ ਦੀ ਧੁਰੀ ਹੈ।

ਆਮ ਤੌਰ ’ਤੇ ਦੇਖਣ ਵਿੱਚ ਆਉਂਦਾ ਹੈ ਕਿ ਮਾਤਾ-ਪਿਤਾ ਆਪਣੇ ਬੱਚੇ ਦੀ ਯੋਗਤਾ, ਰੁਚੀ ਅਤੇ ਇੱਛਾ ਨੂੰ ਅਣਦੇਖਾ ਕਰਦੇ ਹੋਏ ਆਪਣੀ ਪਸੰਦ ਅਨੁਸਾਰ ਉਸਨੂੰ ਕਿੱਤੇ ਦੀ ਚੋਣ ਲਈ ਮਜ਼ਬੂਰ ਕਰਦੇ ਹਨ।ਉਹ ਆਪਣੇ ਬੱਚੇ ਦੀ ਤੁਲਨਾ ਦੂਜੇ ਦੇ ਬੱਚੇ ਦੇ ਨਾਲ਼ ਕਰਦੇ ਹਨ। ਇਸ ਨਾਲ਼ ਬੱਚੇ ਦੇ ਆਤਮਵਿਸ਼ਵਾਸ ਨੂੰ ਠੇਸ ਪਹੁੰਚਦੀ ਹੈ। ਇਸ ਲਈ ਉਨ੍ਹਾਂ ਨੂੰ ਆਪਣੇ ਬੱਚੇ ਦੀ ਵਿਲਖਣਤਾ ਦੀ ਪਹਿਚਾਣ ਕਰਕੇ ਇੱਕ ਚੰਗੇ ਮਿੱਤਰ ਦੀ ਭੂਮਿਕਾ ਨਿਭਾਉਂਦੇ ਹੋਏ ਉਸਦੀ ਵਿਲੱਖਣਤਾ ਦਾ ਵਿਕਾਸ ਕਰਨ ਵਿੱਚ ਆਪਣੀ ਸਕਾਰਾਤਮਿਕਤਾ ਦਿਖਾਉਣੀ ਚਾਹੀਦੀ ਹੈ। ਜੇਕਰ ਇੱਕ ਡਾਕਟਰ, ਪ੍ਰੋਫ਼ੈਸਰ, ਜੱਜ ਜਾਂ ਕਿਸੇ ਆਈ.ਐੱਸ ਅਧਿਕਾਰੀ ਦਾ ਬੱਚਾ ਸੰਗੀਤ ਨ੍ਰਿਤ,ਪੇਂਟਿੰਗ ਜਾਂ ਕਿਸੇ ਹੋਰ ਕਲਾ ਵਿੱਚ ਮਾਹਿਰ ਹੈ ਤਾਂ ਮਾਤਾ-ਪਿਤਾ ਇਹ ਕਹਿਣ ਕਿ ਤੂੰ ਉਹੀ ਕਿੱਤਾ ਚੁਣ ਜੋ ਤੇਰੇ ਪਿਤਾ ਦਾ ਕਿੱਤਾ ਹੈ ਤਾਂ ਇਹ ਉਸ ਬੱਚੇ ਨਾਲ਼ ਅਨਿਆਂ ਹੋਵੇਗਾ।ਜੇਕਰ ਇਹੋ ਜਿਹੇ ਵਿਚਾਰ ਡਾ.ਹਰੀਵੰਸ਼ਰਾਏ ਬੱਚਨ ਦੇ ਹੁੰਦੇ ਅਤੇ ਉਹ ਆਪਣੇ ਬੱਚੇ ਨੂੰ ਬੀ.ਐੱਸ.ਸੀ ਤੋਂ ਬਾਅਦ ਟੀਚਿੰਗ, ਇੰਜੀਨਅਰਿੰਗ ਆਦਿ ਕਿਸੇ ਕਿੱਤੇ ਵਿੱਚ ਪਾ ਦਿੰਦੇ ਤਾਂ ਅੱਜ ਦੁਨੀਆ ਨੂੰ ਮਿਲੇਨਿਅਮ ਸੁਪਰਸਟਾਰ ਅਮਿਤਾਭ ਬੱਚਨ ਨਾ ਮਿਲਦਾ। ਇਸੇ ਤਰਾਂ ਕ੍ਰਿਕੇਟ ਨੂੰ ਹੀ ਆਪਣਾ ਸਭ ਕੁਝ ਮੰਨਦੇ ਹੋਏ ਆਪਣੀ ਜੀ ਜਾਨ ਲਗਾ ਕੇ ਖੇਡਣ ਵਾਲ਼ਾ ਸਚਿਨ ਤੇਂਦੂਲਕਰ ਸ਼ਿਖਰਾਂ ਨੂੰ ਛੂ ਸਕਿਆ ਅਤੇ ਬਚਪਨ ਤੋਂ ਹੀ ਸੰਗੀਤ ਸਾਧਾਨ ਵਿੱਚ ਲੱਗੀ ਲਤਾ ਮੰਗੇਸ਼ਕਰ ਨੇ ਜੋ ਨਾਮਣਾ ਖੱਟਿਆ ਹੈ, ਉਹ ਦੁਰਲੱਭ ਹੈ । ਇਨ੍ਹਾਂ ਨੇ ਜੇ ਆਪਣੇ ਮਨਪਸੰਦ ਦਾ ਕੰਮ ਨਾ ਕੀਤਾ ਹੁੰਦਾ ਤਾਂ ਇਹ ਜ਼ਰੂਰੀ ਨਹੀਂ ਕਿ ਇਹ ਕਿਸੇ ਹੋਰ ਖੇਤਰ ਵਿੱਚ ਇੰਨ੍ਹਾਂ ਵਧੀਆ ਪ੍ਰਦਰਸ਼ਨ ਕਰ ਸਕਦੇ।

ਇਸ ਲਈ ਮਾਤਾ-ਪਿਤਾ ਨੂੰ ਪਤਾ ਹੋਣਾ ਚਾਹੀਦਾ ਕਿ ਉਹ ਆਪਣੇ ਬੱਚੇ ਦੇ ਵਧੀਆ ਮਾਰਗਦਰਸ਼ਕ ਜਾਂ ਭਲ਼ਾ ਚਾਹੁਣ ਵਾਲ਼ੇ ਤਾਂ ਹੋ ਸਕਦੇ ਹਨ ਪਰ ਆਪਣੀ ਇੱਛਾਵਾਂ ਨੂੰ ਉਸ 'ਤੇ ਨਾ ਥੋਪਦੇ ਹੋਏ ਉਸਨੂੰ ਆਪਣੀ ਮੰਜ਼ਲ ਚੁਣਨ ਦਾ ਅਵਸਰ ਪ੍ਰਦਾਨ ਕਰਨ। ਇਸ ਲਈ ਕਿੱਤੇ ਦੀ ਚੋਣ ਦਾ ਫ਼ੈਸਲਾ ਕਿਸੇ ਵਿਅਕਤੀ ਦਾ ਆਪਣਾ ਫ਼ੈਸਲਾ ਹੋਣਾ ਚਾਹੀਦਾ ਹੈ ਜੋ ਕਿ ਉਸਦੀ ਆਪਣੀ ਯੋਗਤਾ, ਰੁਚੀ, ਵਿਅਕਤੀਤੱਵ ਆਦਿ’ ਤੇ ਅਧਾਰਿਤ ਹੋਣਾ ਚਾਹੀਦਾ ਹੈ। ਅਮਰੀਕਾ ਦੇ ਮਹਾਨ ਰਾਸ਼ਟਰਪਤੀ ਅਬਰਾਮ ਲਿੰਕਨ ਨੇ ਵੀ ਕਿਹਾ ਹੈ – **“ਹਮੇਸ਼ਾ ਯਾਦ ਰਖੋ ਕਿ ਸਫ਼ਲਤਾ ਲਈ ਕੀਤਾ ਗਿਆ ਤੁਹਾਡਾ ਆਪਣਾ ਸੰਕਲਪ ਕਿਸੇ ਵੀ ਹੋਰ ਸੰਕਲਪ ਤੋਂ ਜ਼ਿਆਦਾ ਮਹੱਤਵ ਰੱਖਦਾ ਹੈ”।**

ਕਿੱਤੇ ਦੀ ਚੋਣ ਜ਼ਲਦਬਾਜ਼ੀ ਵਿੱਚ ਨਹੀਂ ਕਰਨੀ ਚਾਹੀਦੀ ਕਿਉਂਕਿ ਸਹੀ ਚੋਣ ਤੁਹਾਨੂੰ ਅਰਸ਼ ਤੱਕ ਲੈ ਜਾਵੇਗੀ ਅਤੇ ਗ਼ਲਤ ਚੋਣ ਫ਼ਰਸ਼ ਤੱਕ। ਕਿਸੇ ਵੀ ਕਿੱਤੇ ਦੀ ਚੋਣ ਕਰਨ ਤੋਂ ਪਹਿਲਾਂ ਸਵੈ ਮੁਲਾਂਕਣ ਕਰਨਾ ਵੀ ਅਹਿਮ ਅਤੇ ਕਾਰਗਰ ਸਿੱਧ ਹੁੰਦਾ ਹੈ।ਵਿਦਿਆਰਥੀ ਨੂੰ ਆਪਣੇ ਆਪ ਤੋਂ ਹੇਠ ਲਿਖੇ ਸਵਾਲ ਕਰਕੇ ਉਸਦਾ ਜਵਾਬ ਵੀ ਖੁਦ ਹੀ ਲੱਭਣਾ ਚਾਹੀਦਾ ਹੈ ਤਾਂ ਹੀ ਉਹ ਆਪਣੀ ਮੰਜ਼ਲ ਸਰਲਤਾ ਨਾਲ਼ ਪ੍ਰਾਪਤ ਕਰ ਸਕਦਾ ਹੈ :

1. ਮੇਰੇ ਜੀਵਨ ਦਾ ਕੀ ਉਦੇਸ਼ ਹੈ ?
2. ਮੈਨੂੰ ਆਪਣਾ ਉਦੇਸ਼ ਪੂਰਾ ਕਰਨ ਲਈ ਕਿਹੜੀ ਸਟ੍ਰੀਮ ਦਾ ਕੋਰਸ ਕਰਨਾ ਪਵੇਗਾ ?
3. ਮੈਨੂੰ ਕਿਸੇ ਸਟ੍ਰੀਮ ਦੀ ਕਿੰਨੀ ਪੜ੍ਹਾਈ ਕਰਨੀ ਪਵੇਗੀ ?

4. ਕੀ ਮੈਨੂੰ ਪੜ੍ਹਨ ਦੀ ਬਜਾਏ ਕਿਸੇ ਖੇਡ ਵਿੱਚ ਆਨੰਦ ਮਿਲਦਾ ਹੈ ?

5. ਕੀ ਮੇਰੀ ਰੁਚੀ ਸੰਗੀਤ, ਨ੍ਰਿਤ ਜਾਂ ਕਿਸੇ ਹੋਰ ਕਲਾ ਵਿੱਚ ਹੈ?

6. ਮੈਂ ਜਿਹੜਾ ਕੋਰਸ ਕਰਨਾ ਚਾਹੁੰਦਾ ਹਾਂ, ਉਹ ਆਪਣੇ ਰਾਜ/ਦੇਸ਼ ਜਾਂ ਵਿਦੇਸ਼ ਤੋਂ ਕਿਹੜੀ ਸੰਸਥਾ ਤੋਂ ਕੀਤਾ ਜਾ ਸਕਦਾ ਹੈ?

7. ਕੋਰਸ ਪੂਰਾ ਹੋਣ ਵਿੱਚ ਵੱਧ ਤੋਂ ਵੱਧ ਕਿੰਨਾ ਸਮਾਂ ਲਗ ਸਕਦਾ ਹੈ ਭਾਵ ਸਰਟੀਫ਼ਿਕੇਟ/ਡਿਪਲੋਮਾ/ ਗ੍ਰੈਜੂਏਸ਼ਨ ਡਿਗਰੀ/ ਪੋਸਟ ਗ੍ਰੈਜੂਏਸ਼ਨ ਡਿਗਰੀ/ ਪੀਐੱਚ.ਡੀ ਜਾਂ ਕੋਈ ਹੋਰ ਹਾਇਰ ਡਿਗਰੀ ਕਰਨ ਵਿੱਚ ਕਿੰਨਾ ਸਮਾਂ ਲਗ ਸਕਦਾ ਹੈ?

8. ਕੋਰਸ ਕਰਨ ਲਈ ਕਿੰਨਾ ਖ਼ਰਚਾ ਆਵੇਗਾ ? ਕੀ ਫ਼ੀਸ ਸਾਲਾਨਾ ਦੇਣੀ ਪਵੇਗੀ ਜਾਂ ਤਿੰਨ ਜਾਂ ਛੇ ਮਹੀਨਿਆਂ ਮਗਰੋਂ ਦੇਣੀ ਪਵੇਗੀ। ਕੀ ਪਹਿਲੇ ਸਾਲ ਕੋਈ ਇਕਮੁਸ਼ਤ ਰਾਸ਼ੀ ਵੀ ਦੇਣੀ ਪਵੇਗੀ? ਕੀ ਮੈਨੂੰ ਆਪਣੇ ਪਰਿਵਾਰ ਦੀ ਆਰਥਿਕ ਅਵਸਥਾ ਬਾਰੇ ਪਤਾ ਹੈ ?

10. ਕੀ ਮੈਨੂੰ ਕੋਈ ਕੋਰਸ/ਪੜ੍ਹਾਈ ਕਰਨ ਲਈ ਬੈਂਕ ਤੋਂ ਸਸਤਾ ਕਰਜ਼ਾ ਮਿਲ ਸਕਦਾ ਹੈ?

11. ਜ਼ਰੂਰਤ ਪੈਣ ਸਮੇਂ ਕੀ ਕੋਈ ਮੇਰਾ ਮਿੱਤਰ/ਰਿਸ਼ਤੇਦਾਰ ਜਾਂ ਕੋਈ ਸੰਸਥਾ ਮੇਰੀ ਆਰਥਿਕ ਸਹਾਇਤਾ ਕਰੇਗੀ ?

12. ਜੋ ਕੋਰਸ ਮੈਂ ਕਰਨਾ ਚਾਹੁੰਦਾ ਹਾਂ,ਉਸ ਵਿੱਚ ਜੇਕਰ ਮੈਂ ਕਾਮਯਾਬ ਨਾ ਹੋਇਆ ਤਾਂ ਮੈਂ ਹੋਰ ਕਿਹੜੇ-ਕਿਹੜੇ ਕੋਰਸ ਕਰ ਸਕਦਾ ਹਾਂ?

13. ਮੇਰੀ ਸਰੀਰਕ ਅਤੇ ਬੋਧਿਕ ਯੋਗਤਾ ਕਿੰਨੀ ਹੈ ?

14. ਮੇਰੇ ਅੰਦਰ ਕਿਹੜੀਆਂ ਖ਼ੂਬੀਆਂ ਹਨ ਅਤੇ ਉਨ੍ਹਾਂ ਖ਼ੂਬੀਆਂ ਨੂੰ ਮੈਂ ਕਿਵੇਂ ਤਰਾਸ਼ ਸਕਦਾ ਹਾਂ?

15. ਮੇਰੀਆਂ ਕੀ ਕਮਜ਼ੋਰੀਆਂ ਹਨ ਅਤੇ ਮੈਂ ਆਪਣੀਆਂ ਕਮਜ਼ੋਰੀਆਂ ਨੂੰ ਕਿਵੇਂ ਦੂਰ ਕਰ ਸਕਦਾ ਹਾਂ?

ਅੱਜ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੁਆਰਾ ਸਮੇਂ-ਸਮੇਂ ਸਿਰ ਵਿਦਿਆਰਥੀਆਂ ਲਈ ਕੈਰੀਅਰ ਕੁਇਜ਼, ਕਾਨਫ਼ਰੈਂਸ, ਪ੍ਰਦਰਸ਼ਨੀਆਂ ,ਮਾਹਿਰਾਂ ਦੇ ਕੈਰੀਅਰ ਜਾਗਰੂਕਤਾ ਸੰਬੰਧੀ ਭਾਸ਼ਣ ਆਦਿ ਵੱਖ-ਵੱਖ ਗਤੀਵਿਧੀਆਂ ਕਰਵਾ ਕੇ ਉਨ੍ਹਾਂ ਨੂੰ ਐਜੂਕੇਸ਼ਨਲ ਅਤੇ ਵੋਕੇਸ਼ਨਲ ਗਾਈਡੈਂਸ ਦਿੱਤੀ ਜਾਂਦੀ ਹੈ। ਸਕੂਲ ਕੈਲੰਡਰ ਜਾਰੀ ਕਰਨ ਵੇਲੇ ਉਪਰੋਕਤ ਗਤੀਵਿਧੀਆਂ ਨੂੰ ਹਰ ਸਾਲ ਪੜ੍ਹਾਈ ਦਾ ਇੱਕ ਹਿੱਸਾ ਬਣਾਇਆ ਜਾਂਦਾ ਹੈ। ਸਕੂਲਾਂ ਵਿੱਚ ਗਾਈਡੈਂਸ ਦੌਰਾਨ ਪੜ੍ਹਾਈ ਵਿੱਚ ਹੋਣਹਾਰ, ਪਿਛੜੇ, ਔਸਤ ਅਤੇ ਦਿਵਯਾਂਗ ਵਿਦਿਆਰਥੀਆਂ ਲਈ ਵੱਖ-ਵੱਖ ਤਰੀਕਿਆਂ ਨਾਲ ਲੋੜੀਂਦੀ ਸਿੱਖਿਆ ਦਿੱਤੀ ਜਾਂਦੀ ਹੈ।ਇਸੇ ਦੀ ਲਗਾਤਾਰਤਾ ਵਿੱਚ ਇਹ ਸੰਯੋਜਨ ਤਿਆਰ ਕੀਤਾ ਗਿਆ ਹੈ।ਇਸ ਦੁਆਰਾ ਵਿਦਿਆਰਥੀਆਂ ਨੂੰ ਵੱਖ-ਵੱਖ ਵਿਸ਼ਿਆਂ ਦੇ ਵੱਖ-ਵੱਖ ਵਿਕਲਪਾਂ ਦੀ ਜਾਣਕਾਰੀ ਮਿਲੇਗੀ।

ਸਾਇੰਸ ਦੇ ਵਿਦਿਆਰਥੀ ਮੈਡੀਕਲ ਖੇਤਰ ਵਿੱਚ ਡਾਕਟਰ ਤੋਂ ਇਲਾਵਾ ਨਰਸਿੰਗ, ਨਿਉਟ੍ਰੀਇਸ਼ੀਅਨ,ਮੈਡੀਕਲ ਲੈਬੋਰਟਰੀ ਟੈਕਨੀਸ਼ੀਅਨ,ਫ਼ੀਜ਼ਿਓਥੈਰੀਪੀ, ਆਪਰੇਸ਼ਨ ਥਿਏਟਰ ਟੈਕਨੀਸ਼ੀਅਨ,ਰੇਡੀਓਥੈਰੇਪੀ ਵਰਗੇ ਵੱਖ-ਵੱਖ ਪੈਰਾਮੈਡੀਕਲ ਖੇਤਰ ਵਿੱਚ ਵੀ ਕੈਰੀਅਰ ਬਣਾ ਸਕਦੇ ਹਨ। ਨਾੱਨ-ਮੈਡੀਕਲ ਦੇ ਵਿਦਿਆਰਥੀ ਮਕੈਨੀਕਲ, ਸਿਵਲ, ਆਟੋਮੋਬਾਇਲ, ਕੰਪਿਊਟਰ, ਮਰੀਨ, ਏਰੋਨੈਟੀਕਲ ਇੰਜੀਨੀਅਰਿੰਗ ਆਦਿ ਕੋਰਸ ਕਰ ਸਕਦੇ ਹਨ। ਇਸ ਤੋਂ ਇਲਾਵਾ ਸਾਇੰਸ ਦੇ ਵਿਦਿਆਰਥੀਆਂ ਲਈ ਸਿਵਿਲ ਸਰਵਿਸਿਜ਼, ਟੀਚਿੰਗ ਆਦਿ ਖੇਤਰਾਂ ਵੀ ਉਪਲਭੱਧ ਹਨ।

ਭਾਰਤ ਦੀ ਤੇਜ਼ੀ ਨਾਲ਼ ਵੱਧਦੀ ਅਰਥਵਿਵਸਥਾ ਦੇ ਕਾਰਨ ਕਾੱਮਰਸ ਖੇਤਰ ਦੀ ਵੀ ਮੰਗ ਕਾਫੀ ਵਧੀ ਹੈ।ਇਸ ਵਿੱਚ ਵਿਦਿਆਰਥੀਆਂ ਲਈ ਮੁੱਖ ਕੋਰਸ ਉਪਲਭੱਧ ਹਨ - ਅਕਾਊਂਟੈਂਸੀ (ਚਾਰਟਰਡ ਅਕਾਊਂਟੈਂਟ), ਬੈਂਕਿੰਗ (ਪਰਸਨਲ, ਕਾਰਪੋਰੇਟ, ਅਤੇ ਲੋਨ ਐਗਜ਼ੈਕਟਿਵਜ਼), ਬੀਮਾ (ਇੰਸ਼ਓਰੈਂਸ ਏਜੈਂਟ, ਸਰਵੇਅਰ),ਫਾਈਨੈਂਸ (ਸਰਟੀਫਾਈਡ ਫਾਈਨਾਈਸ਼ਿਅਲ਼ ਪਲੈਨਰ/ ਐਨਾਲਿਸਟ), ਮੈਨੇਜਮੈਂਟ (ਮਾਰਕਿਟਿੰਗ,ਈਵੈਂਟ,ਰੀਟੇਲ, ਸੇਲਜ਼ ਮੈਨੇਜਮੈਂਟ) ਆਦਿ ਵਿੱਚ ਅਨੇਕ ਸੰਭਾਵਨਾਵਾਂ ਹਨ। ਇਨ੍ਹਾਂ ਤੋਂ ਇਲਾਵਾ ਟੀਚਿੰਗ ਖੇਤਰ ਵਿੱਚ ਬੀ.ਕਾੱਮ, ਐੱਮ.ਕਾੱਮ, ਬੀ.ਐੱਡ ਕਰਕੇ ਸਕੂਲ ਲੈਕਚਰਾੱਰ ਲੱਗਿਆ ਜਾ ਸਕਦਾ ਹੈ। ਕਾਲਜ/ਯੂਨੀਵਰਸਿਟੀ ਪੱਧਰ 'ਤੇ ਨੈੱਟ ਪਾਸ ਕਰਕੇ ਅਸਿਸਟੈਂਟ ਪ੍ਰੋਫ਼ੈਸਰ ਦੀ ਅਸਾਮੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਇਨਵੈਸਟਮੈਂਟ, ਕੰਪਨੀ ਸੈਕਰੈਟਰੀ,ਅਰਥਸ਼ਾਸਤਰ ਦੇ ਖੇਤਰ ਵਿੱਚ ਅਨੇਕ ਸੰਭਾਵਨਾਵਾਂ ਹਨ।

ਆਰਟਸ ਵਿਸ਼ਿਆਂ ਦੀ ਚੋਣ ਕਰਕੇ ਵੀ ਵਿਦਿਆਰਥੀ ਆਪਣਾ ਵਧੀਆ ਕੈਰੀਅਰ ਬਣਾ ਸਕਦਾ ਹੈ। ਆਰਟਸ ਵਿਸ਼ੇ ਨਾਲ਼ ਗ੍ਰੈਜੂਏਸ਼ਨ  ਕਰਨ ਉਪਰੰਤ ਆਈ.ਏ.ਐੱਸ.ਪਰੀਖਿਆ ਪਾਸ ਕਰਕੇ ਆਈ.ਏ.ਐੱਸ, ਆਈ.ਪੀ.ਐੱਸ.ਅਫ਼ਸਰ ਆਦਿ ਬਣਿਆ ਜਾ ਸਕਦਾ ਹੈ। ਇਸੇ ਤਰ੍ਹਾਂ ਡੀ.ਐੱਲ.ਐੱਡ ਕਰਕੇ ਈ.ਟੀ.ਟੀ. ਅਧਿਆਪਕ ਅਤੇ ਬੀ.ਏ/ਬੀ.ਐੱਡ ਕਰਕੇ ਮਾਸਟਰ ਕਾਡਰ ਅਤੇ ਮਾਸਟਰ ਡਿਗਰੀ ਤੇ ਬੀ.ਐੱਡ ਕਰਕੇ ਸਕੂਲ ਲੈਕਚਰਾਰ, ਕਾਲਜ/ਯੂਨੀਵਰਸਿਟੀ ਪੱਧਰ 'ਤੇ ਨੈੱਟ ਪਾਸ ਕਰਕੇ ਅਸਿਸਟੈਂਟ ਪ੍ਰੋਫ਼ੈਸਰ ਦੀ ਅਸਾਮੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਤਰਾਂ ਸੀ.ਬੀ.ਆਈ, ਇਨਕਮ ਟੈਕਸ, ਰੇਲਵੇ, ਬੈਂਕਿੰਗ, ਲੋਕ ਸੰਘ ਸੇਵਾ ਆਯੋਗ ਅਤੇ ਸਟਾਫ਼ ਸਿਲੈਕਸ਼ਨ ਕਮਿਸ਼ਨ ਵਲੋਂ ਲਈਆਂ ਜਾਣ ਪ੍ਰਤੀਯੋਗਿਤਾਵਾਂ ਪਾਸ ਕਰਕੇ ਇਨ੍ਹਾਂ ਖੇਤਰਾਂ ਵਿੱਚ ਨੌਕਰੀਆਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ ਵਕਾਲਤ ਅਤੇ ਮਾਸ-ਕਮਿਊਨੀਕੇਸ਼ਨ ਆਦਿ ਵੀ ਆਰਟਸ ਵਿੱਚ ਚੰਗੇ ਵਿਕਲਪ ਹਨ। ਗ੍ਰੈਜੂਏਸ਼ਨ ਉਪਰੰਤ ਕਿਸੇ ਵੀ ਭਾਸ਼ਾ ਵਿੱਚ ਮਾਸਟਰ ਡਿਗਰੀ ਅਤੇ ਅਨੁਵਾਦਕ ਦਾ ਡਿਪਲੋਮਾ ਕਰਕੇ ਅਨੁਵਾਦਕ ਦੀ ਨੌਕਰੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਵੋਕੇਸ਼ਨਲ ਸਿੱਖਿਆ ਪ੍ਰਾਪਤ ਵਿਦਿਆਰਥੀਆਂ ਦਾ ਭਵਿੱਖ ਬਹੁਤ ਹੀ ਉੱਜਲ/ਰੌਸ਼ਨ ਹੈ। ਇੰਜੀਨਿਅਰਿੰਗ ਖੇਤਰ ਵਿੱਚ ਇਲੈਕਟ੍ਰਿਕਲ, ਇਲੈਕਟ੍ਰਾਨਿਕਸ ਤੇ ਆਟੋਮੋਬਾਇਲ ਤਕਨੋਲੋਜੀ ਕੋਰਸ ਹਨ। ਕਾੱਮਰਸ ਖੇਤਰ ਵਿੱਚ ਆਫਿਸ ਮੈਨੇਜਮੈਂਟ, ਸ਼ਾਰਟਹੈਂਡ ਅਤੇ ਕੰਪਿਊਟਰ ਏਪਲੀਕੇਸ਼ਨ, ਬੈਂਕਿੰਗ, ਮਾਰਕਿਟਿੰਗ ਐਂਡ ਸੇਲਜ਼ਮੈਨਸ਼ਿਪ ਕੋਰਸ ਹਨ। ਖੇਤੀਬਾੜੀ ਖੇਤਰ ਵਿੱਚ ਡੇਅਰੀ, ਪੋਲਟਰੀ ਉਦਯੋਗ ਆਦਿ ਕੋਰਸ ਹਨ । ਹੋਮ-ਸਾਇੰਸ ਖੇਤਰ ਵਿੱਚ ਸਿਹਤ, ਬਿਊਟੀ, ਫੈਸ਼ਨ ਅਤੇ ਕਪੜਾ ਉਦਯੋਗ ਆਦਿ ਕੋਰਸ ਹਨ । ਹੈੱਲਥ ਐਂਡ ਪੈਰਾਮੈਡੀਕਲ ਖੇਤਰ ਵਿੱਚ ਹੈੱਲਥ ਕੇਯਰ, ਐਕਸ-ਰੇ ਤਕਨੋਲੋਜੀ ਆਦਿ ਕੋਰਸ ਹਨ । ਸੇਵਾ ਅਤੇ ਟੂਰੀਜ਼ਿਮ ਖੇਤਰ ਵਿੱਚ ਫ਼ੂਡ ਪ੍ਰੋਡਕਸ਼ਨ, ਹੋਟਲ ਮੈਨੇਜਮੈਂਟ,ਟੂਰੀਜ਼ਿਮ ਐਂਡ ਟ੍ਰੈਵਲ ਅਤੇ ਬੇਕਰੀ ਆਦਿ ਵੋਕੇਸ਼ਨਲ ਕੋਰਸ ਹਨ। ਸੂਚਨਾ ਤਕਨੀਕ ਖੇਤਰ ਵਿੱਚ ਆਈ.ਟੀ. ਐਪਲੀਕੇਸ਼ਨ ਵੋਕੇਸ਼ਨਲ ਕੋਰਸ ਕੀਤਾ ਜਾ ਸਕਦਾ ਹੈ।

ਅੱਜ ਭਾਰਤ ਆਤਮ-ਨਿਰਭਰ ਦੀ ਦਿਸ਼ਾ ਵੱਲ ਵੱਧ ਰਿਹਾ ਹੈ । ਇਸ ਸੰਬੰਧੀ ਸਵੈ-ਰੁਜ਼ਗਾਰ ਦੀ ਰਾਹ ਵੀ ਅਪਣਾਈ ਜਾ ਸਕਦੀ ਹੈ। ਇਸ ਰਾਹ ਵਿੱਚ ਜੇਕਰ ਤੁਸੀਂ ਆਪਣੇ ਕੰਮ ਪ੍ਰਤੀ ਜਨੂਨ, ਪੂਰੀ ਯੋਜਨਾਬੰਦੀ ਅਤੇ ਆਤਮ-ਵਿਸ਼ਵਾਸ ਰੱਖੋਗੇ ਤਾਂ ਸਫ਼ਲਤਾ ਤੁਹਾਡੇ ਕਦਮ ਜ਼ਰੂਰ ਚੁੰਮੇਗੀ। ਫਿਰ ਤੁਹਾਨੂੰ ਘੜੀ-ਘੜੀ ਨੌਕਰੀਆਂ ਵੱਲ ਤਾਂਘ ਨਹੀਂ ਰੱਖਣੀ ਪਵੇਗੀ।ਸਵੈ-ਰੁਜ਼ਗਾਰ ਨਾਲ਼ ਜਿੱਥੇ ਵਿਅਕਤੀ ਆਪਣੇ ਪੈਰਾਂ 'ਤੇ ਆਪ ਖੜਾ ਹੁੰਦਾ ਹੈ ਉੱਥੇ ਉਹ ਦੂਜਿਆਂ ਨੂੰ ਵੀ ਰੁਜ਼ਗਾਰ ਦਿੰਦਾ ਹੈ ਅਤੇ ਦੇਸ਼ ਦੀ  ਆਰਥਿਕ ਉੱਨਤੀ ਵਿੱਚ ਯੋਗਦਾਨ ਦਿੰਦਾ ਹੈ।

ਪਿਆਰੇ ਵਿਦਿਆਰਥੀਓ ! ਜਿਸ ਤਰ੍ਹਾਂ ਤੁਸੀਂ ਆਪਣੇ ਜਨਮ ਦਿਨ, ਆਪਣੇ ਵੱਡੇ ਭੈਣ-ਭਰਾ ਜਾਂ ਕਿਸੇ ਰਿਸ਼ਤੇਦਾਰ ਦੇ ਵਿਆਹ ਦੀ ਐਲਬਮ ਤਿਆਰ ਕੀਤੀ ਹੋਵੇਗੀ।ਉਸੇ ਤਰ੍ਹਾਂ ਵਿਦਿਆਰਥੀਆਂ ਲਈ ਨੌਵੀਂ ਅਤੇ ਬਾਰ੍ਹਵੀਂ ਤੋਂ ਬਾਅਦ ਦੇ ਭਿੰਨ-ਭਿੰਨ ਕੋਰਸਾਂ ਦਾ ਇੱਕ ਸੰਯੋਜਨ (Compendium) ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਜਨਮ ਦਿਨ ਜਾਂ ਵਿਆਹ ਦੀ ਐਲਬਮ ਵਿੱਚ ਵੱਖ-ਵੱਖ ਦੋਸਤਾਂ-ਰਿਸ਼ਤੇਦਾਰਾਂ ਦੀਆਂ ਕੇਵਲ ਫ਼ੋਟੋਗ੍ਰਾਫਸ ਹੀ ਲਗਾਈਆਂ ਜਾਂਦੀਆਂ ਹਨ ਜਦ ਕਿ ਇਸ ਸੰਯੋਜਨ ਵਿੱਚ ਕੈਰੀਅਰ ਸੰਬੰਧੀ ਫ਼ੋਟੋਗ੍ਰਾਫਸ ਦੇ ਨਾਲ਼ਨਾਲ਼- ਕੋਰਸਾਂ ਸੰਬੰਧੀ ਜਾਣਕਾਰੀ ਵੀ ਦਿੱਤੀ ਗਈ ਹੈ।

ਆਓ ! ਅਸੀਂ ਇਸ ਸੰਯੋਜਨ ਰਾਹੀਂ ਵੱਖ-ਵੱਖ ਵਿਸ਼ਿਆਂ ਦੇ ਵੱਖ-ਵੱਖ ਵਿਕਲਪਾਂ ਦੀ ਜਾਣਕਾਰੀ ਪ੍ਰਾਪਤ ਕਰੀਏ ਅਤੇ ਆਪਣਾ ਮਨਪਸੰਦ ਕਿੱਤਾ ਚੁਣੀਏ।

ਡਾ. ਸੁਨੀਲ ਬਹਿਲ
(ਸੰਪਾਦਕ)
ਪ੍ਰਿੰਸੀਪਲ
ਸ.ਸ.ਸ.ਸਕੂਲ ਬਹਿਲੂਰ ਕਲਾਂ,
(ਸ਼ਹੀਦ ਭਗਤ ਸਿੰਘ ਨਗਰ)

# ਪ੍ਰੋਜੈਕਟ ਕੋਆਰਡੀਨੇਟਰ

ਹਰ ਵਿਦਿਆਰਥੀ ਦੇ ਜੀਵਨ ਵਿੱਚ ਅਜਿਹਾ ਸਮਾਂ ਆਉਦਾ ਹੈ ਜਦ ਉਸਨੇ ਆਪਣੇ ਜੀਵਨ ਦਾ ਸਭ ਤੋਂ ਅਨਮੋਲ ਫ਼ੈਸਲਾ ਲੈਣਾ ਹੁੰਦਾ ਹੈ ਜੋ ਹੈ-ਉਹ ਕਿਹੜਾ ਅਦਾਰਾ ਚੁਣੇ ਜਿਸ ਨਾਲ਼ ਉਹ ਆਪਣਾ ਜੀਵਨ ਸੁਖੀ ਤੇ ਖ਼ੁਸ਼ਹਾਲ ਬਣਾ ਸਕੇ। ਕਦੇ-ਕਦੇ ਉਹ ਕੋਰਸਾਂ ਦੀ ਚੋਣ ਵਿਚ ਇਸ ਤਰ੍ਹਾ ਉਲਝ ਜਾਂਦਾ ਹੈ ਕਿ ਉਹ ਬਹੁਤ ਅਸਹਿਜ ਮਹਿਸੂਸ ਕਰਦਾ ਹੈ। ਉਸਦੀ ਇਸੇ ਤਰ੍ਹਾਂ ਦੀ ਉਲਝਣਾ ਨੂੰ ਦੂਰ ਕਰਣ ਲਈ ਵਿਭਾਗ ਵੱਲੋਂ ਕੋਰਸਾਂ ਦਾ ਸੰਯੋਜਨ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਜੋ ਉਹ ਕੋਰਸਾਂ ਬਾਰੇ ਸਹੀ ਜਾਣਕਾਰੀ ਪ੍ਰਾਪਤ ਕਰਕੇ ਸਹੀ ਸਮੇਂ 'ਤੇ ਸਟੀਕ ਫ਼ੈਸਲਾ ਲੈ ਸਕੇ।

ਹਾਲਾਂਕਿ ਸਮੇਂ ਦੇ ਨਾਲ਼-ਨਾਲ਼ ਜਾਂ ਹਾਲਾਤਾਂ ਦੇ ਅਨੁਸਾਰ ਕੋਰਸਾਂ ਵਿੱਚ ਬਦਲਾਵ ਆਉਂਦੇ ਰਹਿੰਦੇ ਹਨ, ਜਿਵੇਂ ਕਿ ਸਾਨੂੰ ਕਰੋਨਾ ਦੇ ਮਹਾਂਸੰਕਟ ਨੇ ਨਵੇਂ ਅਨੁਭਵ ਪ੍ਰਦਾਨ ਕੀਤੇ, ਫਿਰ ਵੀ ਪੂਰੀ ਕੋਸ਼ਿਸ਼ ਕੀਤੀ ਗਈ ਹੈ ਕਿ ਵਿਦਿਆਰਥੀ ਹਰ ਵਿਸ਼ੇ ਦੀ ਜਾਣਕਾਰੀ ਲੈ ਸਕੇ। ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਸੰਬੰਧਿਤ ਕਾਲਜਾਂ/ਸੰਸਥਾਵਾਂ ਦੀਆਂ ਵੈੱਬਸਾਈਟਾਂ ਜਾਂ ਪ੍ਰਾਸਪੈਕਟਸ ਚੈੱਕ ਕਰ ਲਏ ਜਾਣ। ਕਰੋਨਾ ਕਾਲ ਵਿੱਚ ਕੁਝ ਨਵੇਂ ਵਪਾਰ/ਕੋਰਸ/ਕੰਮ ਅਤੇ ਕੰਮ ਕਰਨ ਦੇ ਨਵੇਂ ਤਰੀਕੇ ਵੀ ਸਾਡੇ ਸਾਹਮਣੇ ਆਏ ਹਨ ਜੋ ਕਿ ਵਿਦਿਆਰਥੀ ਆਪਣਾ ਸਕਦਾ ਹੈ।

ਇਸ ਤੋ ਇਲਾਵਾ ਕੁਝ ਕੋਰਸ/ਕੈਰੀਅਰ ਇਸ ਤਰ੍ਹਾਂ ਦੇ ਵੀ ਹਨ ਜੋ ਕਿਸੇ ਵੀ ਸਟ੍ਰੀਮ (ਆਰਟਸ/ਕਮਰਸ/ਸਾਇੰਸ) ਦਾ ਵਿਦਿਆਰਥੀ ਕਰ ਸਕਦਾ ਹੈ ਜਿਵੇਂ ਕਿ ਟੀਚਿੰਗ, ਹੋਟਲ ਮੈਨੇਜਮੈਂਟ ਆਦਿ।

ਵਿਦਿਆਰਥੀਆਂ ਨੂੰ ਵੱਖ-ਵੱਖ ਕੋਰਸਾਂ ਬਾਰੇ ਅਪਡੇਟ ਰਹਿਣ ਲਈ ਅਖ਼ਬਾਰਾਂ/ ਮੈਗਜ਼ੀਨਾਂ/ਵੈੱਬਸਾਇਟਾਂ ਤੋਂ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ ਅਤੇ ਸੋਚ ਵਿਚਾਰ ਕਰਕੇ ਹੀ ਸਹੀ ਕੋਰਸ ਨੂੰ ਅਪਣਾਉਣਾ ਚਾਹੀਦਾ ਹੈ।

ਮੈਂ ਆਸ ਕਰਦੀ ਹਾਂ ਕਿ ਇਹ ਸੰਯੋਜਨ ਕੈਰੀਅਰ ਦੀ ਚੋਣ ਕਰਨ ਵਿੱਚ ਉਲਝਦੇ ਵਿਦਿਆਰਥੀਆਂ ਨੂੰ ਜ਼ਰੂਰ ਇੱਕ ਸਹੀ ਦਿਸ਼ਾ ਪ੍ਰਦਾਨ ਕਰੇਗਾ।

ਸ਼੍ਰੀਮਤੀ ਸ਼ਿਵਾਨੀ ਸੇਤੀਆ,
ਅਸਿਸਟੈਂਟ ਡਾਇਰੈਕਟਰ,
ਐੱਸ.ਸੀ.ਈ.ਆਰ.ਟੀ.

| **ਤਿਆਰ ਕਰਤਾ ਕਰਮਚਾਰੀਆਂ ਦੀ ਸੂਚੀ** | | |
|---|---|---|
| 1 | **ਮੈਡੀਕਲ ਸਟਰੀਮ ਅਤੇ ਨਾੱਨ ਮੈਡੀਕਲ ਸਟਰੀਮ** | |
| | ਸ਼੍ਰੀ ਜਸਵੀਰ ਸਿੰਘ(ਸਾਇੰਸ ਮਾਸਟਰ)<br>ਸ.ਸ.ਸ. ਸਕੂਲ ਉਕਸੀ, ਜਿਲ੍ਹਾ ਲੁਧਿਆਣਾ | |
| | ਹਰਪ੍ਰੀਤ ਸਿੰਘ, ਸਾਇੰਸ ਮਾਸਟਰ, ਸਹਸ ਗਗੜਾ, ਜਿਲ੍ਹਾ ਲੁਧਿਆਣਾ | |
| | ਸ਼੍ਰੀ ਮਨਪ੍ਰੀਤ ਸਿੰਘ, ਸਾਇੰਸ ਮਾਸਟਰ, ਸ.ਸ.ਸ.ਸ. ਪੱਖੋਵਾਲ, ਜਿਲ੍ਹਾ ਲੁਧਿਆਣਾ<br>ਹਰਮਨਦੀਪ ਸਿੰਘ,ਸਾਇੰਸ ਮਾਸਟਰ,ਸਸਸਸਭਵਾਨੀਗੜ੍ਹ (ਮੁੰਡੇ) | |
| 2 | **ਆਰਟਸ ਸਟਰੀਮ** | |
| | ਸ਼੍ਰੀ ਪਰਮਜੀਤ ਸਿੰਘ, ਸਾਇੰਸ ਮਾਸਟਰ, ਸਸਸਸ ਸਕੂਲ ਬੂਟ ਕਪੂਰਥਲਾ | |
| 3 | ਕਾਮਰਸ ਸਟਰੀਮ | |
| | ਅੰਮ੍ਰਿਤ, ਲੈਕਚਰਾਰ, ਕਮਰਸ ਮੋਰਟੋਰੀਅਸ ਸਕੂਲ, ਜਿਲ੍ਹਾ ਮੋਹਾਲੀ | |
| 4 | **ਵੋਕੇਸ਼ਨਲ ਸਟਰੀਮ** | |
| | ਸ਼੍ਰੀ ਸਤਿੰਦਰ ਸਿੰਘ, ਲੈਕਚਰਾਰ ਵੋਕੇਸ਼ਨਲ, 3B1 ਮੋਹਾਲੀ | |
| | ਸ਼੍ਰੀਮਤੀ ਵਰਿੰਦਰ ਕੌਰ, ਲੈਕਚਰਾਰ, ਵੋਕੇਸ਼ਨਲ, 3B1 ਮੋਹਾਲੀ | |
| 5 | **ਐਨ.ਐਸ.ਕਿਊ.ਐੱਫ਼** | |
| | ਹਰਪ੍ਰੀਤ ਸਿੰਘ ਵੋਕੇਸ਼ਨਲ ਕੋਆਰਡੀਨੇਟਰ, ਜਿਲ੍ਹਾ ਸਿੱਖਿਆ ਦਫ਼ਤਰ ਰੋਪੜ<br>ਸਨਦੀਪ ਕੁਮਾਰ,ਵੋਕੇਸ਼ਨਲ ਅਧਿਆਪਕ ਸਸਸਸ(ਮੁੰਡੇ) ਰੋਪੜ<br>ਦਿਲਰਾਜ ਕੋਰ,ਵੋਕੇਸ਼ਨਲ ਅਧਿਆਪਕ,ਸਸਸਸ ਸੰਗੋਲ,ਜਿਲ੍ਹਾ ਮੋਹਾਲੀ | |
| **6** | **ਸੰਪਾਦਕ** | |
| | ਸੁਨੀਲ ਬਹਿਲ ਪ੍ਰਿੰਸੀਪਲ,ਸਸਸਸ ਬਹਿਲੂਰ ਕਲਾਂ ਜਿਲ੍ਹਾ ਨਵਾਂ ਸਾਹਿਰ | |
| 7 | **ਪੰਜਾਬੀ ਟਰਾਂਸਲੇਟਰ ਪਰੂਫ਼ ਰੀਡਰ** | |
| 8. | ਸ਼੍ਰੀ ਜਗਤਾਰ ਸਿੰਘ ਸੋਖੀ, ਐਲੀਮੈਂਟਰੀ ਸਕੂਲ ਕੱਬਰ ਵੱਛਾ,ਫਿਰੋਜ਼ਪੁਰ | |
| **9.** | Compiler and Coral designer | |
| | ਸ਼੍ਰੀ ਜਗਦੀਪ ਸਿੰਘ ਕੰਪਿਊਟਰ ਅਧਿਆਪਕ ,ਸਹਸ ਬਹੋਈ ਕਲਾਂ ,ਜਿਲ੍ਹਾ ਸੰਗਰੂਰ | |

# ਤਤਕਰਾ


| ਲੜੀ ਨੰਬਰ | ਵਿਸ਼ਾ | ਪੰਨਾ ਨੰਬਰ |
|---|---|---|
| | **ਆਰਟਸ** | |
| 1. | ਕੈਰੀਅਰ ਗਾਈਡੈਂਸ ਕੀ ਹੈ? | 1-3 |
| 2. | ਸਿਵਲ ਸੇਵਾਵਾਂ | 4-8 |
| 3. | ਹੋਟਲ ਮੈਨੇਜਮੈਂਟ | 9-11 |
| 4. | ਭਾਰਤੀ ਫ਼ੌਜ ਵਿੱਚ ਕੈਰੀਅਰ | 12-15 |
| 5. | ਵਕਾਲਤ | 16-20 |
| 6. | ਕੱਪੜਾ ਉਦਯੋਗ ਵਿੱਚ ਰੁਜ਼ਗਾਰ | 21-22 |
| 7. | ਫ਼ਾਈਨ ਆਰਟਸ (Fine Arts) | 23 |
| 8. | ਬੈਚਲਰ ਆੱਫ ਫ਼ਾਈਨ ਆਰਟਸ (ਬੀ.ਐੱਫ.ਏ.) | 24-27 |
| 9. | Master of Fine Arts (MFA): | 27 |
| 10. | ਸਰੀਰਕ ਸਿੱਖਿਆ ਵਿੱਚ ਕੈਰੀਅਰ | 28-30 |
| 11. | ਯੋਗ ਮਾਹਿਰ | 30 |
| | **ਕਾਮਰਸ** | |
| 12. | ਸਰਟੀਫ਼ਾਈਡ ਮੈਨੇਜਮੈਂਟ ਅਕਾਊਂਟੈਂਟ (ਸੀ.ਐੱਮ.ਏ.) | 33-35 |
| 13. | ਕੰਪਨੀ ਸੈਕਟਰੀ (CS) | 36-38 |
| 14. | ਚਾਰਟਰਡ ਅਕਾਊਂਟੈਂਟ | 39-41 |
| 15. | ਲਾੱਅ | 42-45 |
| 16. | ਪੱਤਰਕਾਰੀ ਅਤੇ ਪੁੰਜ ਸੰਚਾਰ | 46-48 |
| 17 | ਬੀ.ਕਾੱਮ. | 49-51 |
| 18 | ਵਪਾਰ ਪ੍ਰਬੰਧਨ (ਬੀਬੀਏ ਕੋਰਸ) | 52-54 |
| 19. | ਹੋਟਲ ਪ੍ਰਬੰਧਨ | 55-58 |
| 20. | ਅਧਿਆਪਨ ਕਿੱਤਾ | 59-61 |
| 21. | ਮੈਨੇਜਮੈਂਟ ਵਿੱਚ ਪੰਜ ਸਾਲਾ ਏਕੀਕ੍ਰਿਤ ਕੋਰਸ | 62-63 |
| 22. | ਬੀ.ਏ. ਇਕਨਾਮਿਕਸ (ਆਨਰਜ਼) | 64-65 |
| 23. | ਬੀ.ਏ. / ਬੀ.ਐੱਸ. ਅੰਕੜੇ | 66-67 |
| 24. | ਸੈਰ ਸਪਾਟਾ ਅਤੇ ਯਾਤਰਾਵਾਂ | 68-69 |
| 25. | ਕੰਪਿਊਟਰ(ਬੈੱਚੂਲਰ ਆੱਫ਼ ਕੰਪਿਊਟਰ ਐਪਲੀਕੇਸ਼ਨ) | 70-71 |
| 26. | ਸਰਟੀਫਾਈਡ ਅਕਾਊਂਟਿੰਗ ਟੈਕਨੀਸ਼ੀਅਨ (ਸੀਏਟੀ) | 72-73 |

| | | |
|---|---|---|
| | ਮੈਡੀਕਲ/ਨਾੱਨ ਮੈਡੀਕਲ | |
| 27. | ਬੀ. ਟੈੱਕ. / ਬੀ. ਈ. | 76-77 |
| 28. | ਬੀ. ਫਾਰਮਾ. ਬੈਚਲਰ ਅੱਫ਼ ਫਾਰਮੇਸੀ | 78-79 |
| 29. | ਐੱਨ.ਡੀ.ਏ. | 80-82 |
| 30. | ਐੱਮ.ਬੀ.ਬੀ.ਐੱਸ.<br>(ਬੈਚਲਰ ਅੱਫ਼ ਮੈਡੀਸਨ ਅਤੇ ਬੈਚਲਰ ਅੱਫ਼ ਸਰਜਰੀ) | 83-84 |
| 31. | ਬੀ.ਡੀ.ਐੱਸ (ਬੈਚਲਰ ਅੱਫ਼ ਡੈਂਟਲ ਸਰਜਰੀ) | 85-86 |
| 32. | ਬੀ.ਵੀ.ਐੱਸ.ਸੀ. (ਬੈਚਲਰ ਵੈਟਰਨਰੀ ਸਾਇੰਸ) | 87-88 |
| 33. | ਬੀ.ਏ.ਐੱਮ.ਐਸ.<br>(ਆਯੁਰਵੈਦਿਕ ਦਵਾਈ ਅਤੇ ਸਰਜਰੀ ਦਾ ਬੈਚਲਰ) | 89-91 |
| 34. | ਬੀ.ਐੱਚ.ਐੱਮ.ਐੱਸ.<br>(ਬੈਚਲਰ ਆਫ਼ ਹੋਮਿਓਪੈਥਿਕ ਮੈਡੀਸਨ ਐਂਡ ਸਰਜਰੀ) | 92-95 |
| 35. | ਬੈਚਲਰ ਅੱਫ਼ ਆਰਕੀਟੈਕਚਰ | 96-98 |
| 36. | ਬੀ. ਐੱਸ.ਸੀ. (ਬੈਚਲਰ ਅੱਫ਼ ਸਾਇੰਸ) | 99-101 |
| 37. | ਡੀ.ਐੱਮ.ਐੱਲ.ਟੀ.<br>(ਮੈਡੀਕਲ ਲੈਬਾਰਟਰੀ ਟੈਕਨੋਲੋਜੀ ਵਿਚ ਡਿਪਲੋਮਾ) | 102 |
| | ਵੋਕੇਸ਼ਨਲ ਗਾਈਡੈਂਸ | |
| 38. | Vocational Education (ਕਿੱਤਾ ਮੁੱਖੀ ਸਿੱਖਿਆ) | 105 |
| 39. | Group Wise & Trades Wise<br>(ਵੋਕੇਸ਼ਨਲ ਟਰੇਡਾਂ ਦੀ ਗਰੁੱਪਾਂ ਅਨੁਸਾਰ ਵੰਡ) | 106 |
| 40. | Agriculture Group ( ਐਗਰੀਕਲਚਰ ਗਰੁੱਪ)<br>4.1 Horticulture ( ਹੌਰਟੀਕਲਚਰ) | 107 |
| 41. | Engineering and Technology Group (ਇੰਜੀਨੀਅਰਿੰਗ ਅਤੇ ਟੈਕਨੋਲੋਜੀ ਗਰੁੱਪ)<br>1 Auto Mobile Engineering (ਆਟੋ ਮੋਬਾਈਲ ਇੰਜੀਨੀਅਰਿੰਗ)<br>2 Architecture (ਆਰਕੀਟੈਕਚਰ ਇੰਜੀਨੀਅਰਿੰਗ)<br>3 Computer Science(ਕੰਪਿਊਟਰ ਸਾਇੰਸ)<br>4 Electrical (ਇਲੈਕਟ੍ਰਿਕਲ)<br>5 Electronics (ਇਲੈਕਟ੍ਰਾਨਿਕਸ)<br>6 Mechanical (ਮਕੈਨੀਕਲ) | 111-122 |

| | | |
|---|---|---|
| 42. | Home Science Group (ਹੋਮ ਸਾਇੰਸ ਗਰੁੱਪ)<br>1 Food preservation (ਭੋਜਨ ਦੀ ਸੰਭਾਲ਼)<br>2 Garment Making (ਗਾਰਮੈਂਟ ਮੈਕਿੰਗ)<br>3 TEXTILE DESIGNING (ਟੈਕਸਟਾਈਲ ਡਿਜ਼ਾਈਨਿੰਗ)<br>4 TEXTILE WEAVING ( ਟੈਕਸਟਾਈਲ ਵੀਵਿੰਗ)<br>5 KNITTING TECHNOLOGY (ਨਿਟਿੰਗ ਟੈਕਨੋਲੋਜੀ ) | 123-137 |
| 43. | Buisness & Commerce Group (ਬਿਜ਼ਨੈੱਸ ਅਤੇ ਕਾੱਮਰਸ ਗਰੁੱਪ)<br>1 BANKING FINANCIAL SERVICES (ਬੈਂਕਿੰਗ ਵਿੱਤੀ ਸੇਵਾਵਾਂ)<br>2 TAXATION PRACTICE (ਕਰ ਪ੍ਰਣਾਲੀ)<br>3 INSURANCE (ਬੀਮਾ)<br>4 MARKETING ( ਮਾਰਕੀਟਿੰਗ )<br>5 MODERN OFFICE PRACTICE (ਮਾਡਰਨ ਆਫ਼ਿਸ ਪ੍ਰੈਕਟਿਸ )<br>6 COOPERATIVE MANAGEMENT (ਸਹਿਕਾਰੀ ਪ੍ਰਬੰਧਨ)<br>7 IMPORT AND EXPORT MANAGEMENT (ਆਯਾਤ ਅਤੇ ਨਿਰਯਾਤ ਪ੍ਰਬੰਧਨ) | 138-154 |
| 44. | ਡਿਪਲੋਮਾਂ ਕਾਲਜਾਂ ਵਿੱਚ ਦਾਖ਼ਲੇ ਲਈ ਮੁੱਢਲੀ ਯੋਗਤਾ | 155 |
| 45. | Apprenticeship (ਅਪ੍ਰੈਂਟਿਸਸ਼ਿਪ) | 156-158 |
| | ਐੱਨ.ਐੱਸ.ਕਿਉ.ਐੱਫ | |
| 46. | ਕਿੱਤਾ ਯੋਜਨਾ | 161-164 |
| 47. | ਐੱਨ.ਐੱਸ.ਕਿਉ.ਐੱਫ ਵੋਕੇਸ਼ਨਲ ਐਜੂਕੇਸ਼ਨ | 166-169 |
| 48. | ਟਰੇਡ 1- ਆਟੋਮੋਬਾਈਲ | 170-171 |
| 49. | ਟਰੇਡ 2- ਖੇਤੀਬਾੜੀ | 172-173 |
| 50. | ਟਰੇਡ 3- ਅਪੈਰਲ | 174-175 |
| 51. | ਟਰੇਡ 4- ਬਿਊਟੀ ਅਤੇ ਵੈੱਲਨੈੱਸ | 176-177 |
| 52. | ਟਰੇਡ 5- ਕੰਸਟ੍ਰਕਸ਼ਨ | 178-179 |
| 53. | ਟਰੇਡ 6- ਸਿਹਤ ਸੰਭਾਲ਼ | 180 |
| 54. | ਟਰੇਡ 7- ਸੂਚਨਾ ਤਕਨਾਲੋਜ/ਆਈ.ਟੀ.ਈ.ਐੱਸ | 181-182 |
| 55. | ਟਰੇਡ 8-ਨਿੱਜੀ ਸੁਰੱਖਿਆ | 183-184 |
| 56. | ਟਰੇਡ 9- ਸਰੀਰਿਕ ਸਿੱਖਿਆ ਅਤੇ ਖੇਡਾਂ | 185-187 |
| 57. | ਟਰੇਡ 10-ਪਲੰਬਿੰਗ | 188-189 |
| 58. | ਟਰੇਡ 11-ਪਰਚੂਨ | 190-191 |
| 59. | ਟਰੇਡ 12-ਟੂਰਿਜ਼ਮ ਅਤੇ ਪ੍ਰਾਹੁਣਾਚਾਰੀ | 192-194 |

# CAREER GUIDANCE












# CAREER GUIDANCE










## ਕੈਰੀਅਰ ਗਾਈਡੈਂਸ ਕੀ ਹੈ ?

ਕੈਰੀਅਰ ਦਾ ਮਤਲਬ ਹੈ ਅਜਿਹਾ ਕਿੱਤਾ ਅਪਨਾਉਣਾ ਜੋ ਸਾਨੂੰ ਜੀਵਿਕਾ ਕਮਾਉਣ ਦੇ ਨਾਲ-ਨਾਲ ਤਰੱਕੀ ਅਤੇ ਅੱਗੇ ਵਧਣ ਦੇ ਮੌਕੇ ਵੀ ਪ੍ਰਦਾਨ ਕਰੇ। ਇੱਕਲਾ ਜੀਵਿਕਾ ਕਮਾਉਣ ਨੂੰ ਇੱਕ ਚੰਗਾ ਕੈਰੀਅਰ ਨਹੀਂ ਕਿਹਾ ਜਾ ਸਕਦਾ। ਇੱਕ ਚੰਗੇ ਕੈਰੀਅਰ ਵਿੱਚ ਤਰੱਕੀ ਅਤੇ ਅੱਗੇ ਵਧਣ ਦੇ ਮੌਕੇ ਹੋਣਾ ਵੀ ਬਹੁਤ ਜ਼ਰੂਰੀ ਹੈ। ਕੈਰੀਅਰ ਗਾਈਡੈਂਸ ਇੱਕ ਪ੍ਰਕਿਰਿਆ ਹੈ ਜਿਸ ਰਾਹੀਂ ਵਿਦਿਆਰਥੀਆਂ ਨੂੰ ਉਹਨਾਂ ਦੀ ਰੁਚੀ ਅਤੇ ਯੋਗਤਾ ਅਨੁਸਾਰ ਕੈਰੀਅਰ ਅਪਨਾਉਣ ਵਿੱਚ ਮਦਦ ਕੀਤੀ ਜਾਂਦੀ ਹੈ। ਅਸੀਂ ਜਾਣਦੇ ਹਾਂ ਕਿ ਜਦੋਂ ਵਿਦਿਆਰਥੀ ਦਸਵੀਂ ਜਾਂ ਬਾਰ੍ਹਵੀਂ ਸ਼੍ਰੇਣੀ ਪਾਸ ਕਰਦਾ ਹੈ ਤਾਂ ਉਸ ਕੋਲ਼ ਕਈ ਵਿਕਲਪ ਹੁੰਦੇ ਹਨ। ਉਹ ਨੌਕਰੀ ਦੀ ਭਾਲ਼ ਕਰ ਸਕਦਾ ਹੈ, ਮੈਡੀਕਲ ਲਾਈਨ ਚੁਣ ਸਕਦਾ ਹੈ, ਇੰਜੀਨੀਅਰਿੰਗ ਕਰ ਸਕਦਾ ਹੈ, ਸਵੈ-ਰੁਜਗਾਰ ਅਪਨਾ ਸਕਦਾ ਹੈ ਜਾਂ ਅੱਗੇ ਪੜ੍ਹਾਈ ਕਰ ਸਕਦਾ ਹੈ। ਇੱਕ ਵਿਦਿਆਰਥੀ ਲਈ ਜੀਵਨ ਦੇ ਇਸ ਪੜਾਅ ‘ਤੇ ਇਹ ਅਹਿਮ ਫ਼ੈਸਲਾ ਲੈਣਾ ਬਹੁਤ ਔਖਾ ਹੋ ਜਾਂਦਾ ਹੈ ਕਿ ਉਹ ਕਿਹੜਾ ਵਿਕਲਪ ਚੁਣੇ। ਇਸ ਲਈ ਉਸ ਨੂੰ ਇੱਕ ਕੈਰੀਅਰ ਗਾਈਡ ਦੀ ਜ਼ਰੂਰਤ ਪੈਂਦੀ ਹੈ ਜੋ ਉਸ ਨੂੰ ਕੈਰੀਅਰ ਦੀ ਚੋਣ ਵਿੱਚ ਮਦਦ ਕਰੇ। ਇਹ ਇੱਕ ਬਹੁਤ ਹੀ ਜ਼ਿੰਮੇਵਾਰੀ ਵਾਲ਼ਾ ਕੰਮ ਹੈ। ਇੱਕ ਵਿਦਿਆਰਥੀ ਦੀ ਜ਼ਿੰਦਗੀ ਇਸ ਫ਼ੈਸਲੇ ’ਤੇ ਨਿਰਭਰ ਕਰਦੀ ਹੈ।

## ਕੈਰੀਅਰ ਗਾਈਡੈਂਸ ਦੀ ਜ਼ਰੂਰਤ:

ਨਵੀਂ ਪੀੜ੍ਹੀ ਦੇ ਵਿਦਿਆਰਥੀ ਆਪਣੇ ਭਵਿੱਖ ਬਾਰੇ ਸੁਚੇਤ ਨਹੀਂ ਹਨ ਅਤੇ ਨਾ ਹੀ ਆਪਣੇ ਭਵਿੱਖ ਬਾਰੇ ਯੋਜਨਾ ਬਣਾਉਂਦੇ ਹਨ। ਜ਼ਿਆਦਾਤਰ ਵਿਦਿਆਰਥੀ ਪਿੱਛ-ਲੱਗੂ ਹੁੰਦੇ ਹਨ। ਜੋ ਦੂਸਰਿਆਂ ਦੇ ਪਿੱਛੇ ਲੱਗ ਕੇ ਗ਼ਲਤ ਕੈਰੀਅਰ ਚੁਣ ਲੈਂਦੇ ਹਨ ਅਤੇ ਆਪਣੀ ਜ਼ਿੰਦਗੀ ਬਰਬਾਦ ਕਰ ਲੈਂਦੇ ਹਨ। ਕੁੱਝ ਵਿਦਿਆਰਥੀ ਆਪਣੇ ਮਾਪਿਆਂ ਦੀ ਇੱਛਾ ਦਾ ਸ਼ਿਕਾਰ ਹੁੰਦੇ ਹਨ। ਮਾਪੇ ਆਪਣੇ ਬੱਚਿਆਂ ਦੀ ਯੋਗਤਾ ਅਤੇ ਰੁਚੀ ਦਾ ਖਿਆਲ਼ ਛੱਡ ਕੇ ਉਹਨਾਂ ਨੂੰ ਆਪਣੇ ਅਨੁਸਾਰ ਕੈਰੀਅਰ ਚੁਣਨ ਲਈ ਮਜ਼ਬੂਰ ਕਰਦੇ ਹਨ। ਕੁੱਝ ਵਿਦਿਆਰਥੀ ਮਨਮੋਹਕ ਵਿਗਿਆਪਨਾਂ ਨੂੰ ਦੇਖ ਕੇ ਆਪਣਾ ਕੈਰੀਅਰ ਚੁਣ ਲੈਂਦੇ ਹਨ ਜੋ ਅਸਲੀਅਤ ਤੋਂ ਕੋਹਾਂ ਦੂਰ ਹੁੰਦੇ ਹਨ। ਅਜਿਹੇ ਹਾਲਾਤਾਂ ਵਿੱਚ ਵਿਦਿਆਰਥੀ ਲਈ ਕੈਰੀਅਰ ਗਾਈਡੈਂਸ ਦੀ ਬਹੁਤ ਜ਼ਰੂਰਤ ਪੈਂਦੀ ਹੈ। ਜਿਸ ਦੀ ਮਦਦ ਨਾਲ਼ ਵਿਦਿਆਰਥੀ ਆਪਣੀ ਯੋਗਤਾ ਅਤੇ ਰੁਚੀ ਅਨੁਸਾਰ ਕੈਰੀਅਰ ਚੁਣ ਸਕਦਾ ਹੈ।

## ਕੈਰੀਅਰ ਗਾਈਡ ਕੌਣ ਹੋ ਸਕਦਾ ਹੈ ?

ਵਿਦਿਆਰਥੀ ਦਾ ਸਭ ਤੋਂ ਵੱਡਾ ਕੈਰੀਅਰ ਗਾਈਡ ਉਹ ਆਪ ਹੈ। ਉਹ ਆਪਣੀ ਯੋਗਤਾ ਅਤੇ ਰੁਚੀ ਨੂੰ ਚੰਗੇ ਤਰੀਕੇ ਨਾਲ਼ ਸਮਝ ਅਤੇ ਜਾਣ ਸਕਦਾ ਹੈ। ਇੱਕ ਚੰਗਾ ਅਤੇ ਤਜ਼ਰਬੇਕਾਰ ਅਧਿਆਪਕ ਵੀ ਵਿਦਿਆਰਥੀ ਦੀ ਯੋਗਤਾ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਉਸ ਦੇ ਜੀਵਨ ਨੂੰ ਇੱਕ ਚੰਗੀ ਸੇਧ ਦੇਣ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ। ਬਹੁਤੇ ਬੱਚਿਆਂ ਦੇ ਮਾਪੇ ਵੀ ਇੱਕ ਚੰਗੇ ਗਾਈਡ ਦੀ ਭੂਮਿਕਾ ਨਿਭਾਉਂਦੇ ਹੋਏ ਉਸਨੂੰ ਉਸ ਦੇ ਕੈਰੀਅਰ ਦੀ ਚੋਣ ਵਿੱਚ ਮਦਦ ਕਰਦੇ ਹਨ। ਇੱਕ ਅਧਿਆਪਕ ਚੰਗਾ ਮਾਰਗ ਦਰਸ਼ਕ ਹੋ ਸਕਦਾ ਹੈ ਪਰ ਮਾਤਾ-ਪਿਤਾ ਨੇ ਆਪਣੇ ਘਰੇਲੂ ਹਾਲਾਤਾਂ ਨੂੰ ਦੇਖਦੇ ਹੋਏ ਵਿਦਿਆਰਥੀ ਦੀਆਂ ਜ਼ਰੂਰਤਾਂ ਨੂੰ ਵੀ ਪੂਰਾ ਕਰਨਾ ਹੁੰਦਾ ਹੈ। ਸਕੂਲਾਂ ਅਤੇ ਕਾਲਜਾਂ ਵਿੱਚ ਵੀ ਕੈਰੀਅਰ ਕਾਊਂਸਲਿੰਗ ਸੈੱਲ ਸਥਾਪਿਤ ਕੀਤੇ ਗਏ ਹਨ ਜੋ ਵਿਦਿਆਰਥੀਆਂ ਨੂੰ ਕੈਰੀਅਰ ਅਤੇ ਅਗਲੇਰੀ ਪੜ੍ਹਾਈ ਲਈ ਵਿਸ਼ਿਆਂ ਦੀ ਚੋਣ ਕਰਨ ਲਈ ਸਹਾਇਤਾ ਕਰਦੇ ਹਨ। ਇਸ ਤਰਾਂ ਕੋਈ ਵੀ ਜਾਣਕਾਰ ਵਿਅਕਤੀ ਜੋ ਤੁਹਾਨੂੰ ਅਤੇ ਤੁਹਾਡੇ ਕੈਰੀਅਰ ਨੂੰ ਇੱਕ ਨਵੀਂ ਸੇਧ ਦੇ ਸਕੇ, ਤੁਹਾਡਾ ਕੈਰੀਅਰ ਗਾਈਡ ਹੋ ਸਕਦਾ ਹੈ।

## ਮੰਜ਼ਲ ਹਾਸਲ ਕਰਨ ਦੇ ਪੜਾਅ:

ਜੀਵਨ ਵਿੱਚ ਸਫ਼ਲਤਾ ਨੂੰ ਹਾਸਲ ਕਰਨ ਲਈ ਹੇਠ ਦਿੱਤੇ ਪੜਾਵਾਂ ਵਿੱਚੋਂ ਲੰਘਣਾ ਜ਼ਰੂਰੀ ਹੈ :

1. ਇੱਕ ਟੀਚਾ ਨਿਰਧਾਰਿਤ ਕਰਨਾ ।
2. ਯੋਜਨਾਬੰਦੀ ਕਰਨਾ ।
3. ਯੋਜਨਾ ਅਨੁਸਾਰ ਕੰਮ ਕਰਨਾ ।
4. ਆਤਮ-ਵਿਸ਼ਵਾਸ ।
5. ਮੁਸ਼ਕਲਾਂ ਦਾ ਸਾਹਮਣਾ ਕਰਨਾ ।

## 1. ਟੀਚਾ ਨਿਰਧਾਰਿਤ ਕਰਨਾ:

ਕੋਈ ਵੀ ਕੰਮ ਕਰਨ ਤੋਂ ਪਹਿਲਾਂ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਕੀ ਕਰਨਾ ਚਾਹੁੰਦੇ ਹਾਂ । ਉਸੇ ਤਰਾਂ ਇਹ ਤੈਅ ਕਰਨਾ ਬਹੁਤ ਜ਼ਰੂਰੀ ਹੈ ਕਿ ਅਸੀਂ ਕਿਸ ਖੇਤਰ ਵਿੱਚ ਆਪਣਾ ਕੈਰੀਅਰ ਬਣਾਉਣਾ ਚਾਹੁੰਦੇ ਹਾਂ ਅਤੇ ਜ਼ਿੰਦਗੀ ਵਿੱਚ ਕੀ ਬਣਨਾ ਚਾਹੁੰਦੇ ਹਾਂ । ਇਹ ਸਭ ਤੋਂ ਮੁਸ਼ਕਲ ਅਤੇ ਸਮਝਦਾਰੀ ਵਾਲਾ ਕਦਮ ਹੈ । ਬਹੁਤੇ ਵਿਦਿਆਰਥੀਆਂ ਦੀ ਇਹੋ ਧਾਰਨਾ ਹੈ ਕਿ ਪਹਿਲਾਂ ਪੜ੍ਹਾਈ ਪੂਰੀ ਕਰ ਲਈਏ ਫਿਰ ਸੋਚਾਂਗੇ ਕੀ ਬਣਨਾ ਹੈ? ਪਰ ਇਹ ਪੂਰੀ ਤਰਾਂ ਗ਼ਲਤ ਹੈ। ਸਾਨੂੰ ਨੌਵੀਂ ਜਮਾਤ ਤੋਂ ਹੀ ਇਹ ਫ਼ੈਸਲਾ ਲੈ ਲੈਣਾ ਚਾਹੀਦਾ ਹੈ ਕਿ ਆਉਣ ਵਾਲ਼ੇ ਜੀਵਨ ਵਿੱਚ ਅਸੀਂ ਕੀ ਕਰਨਾ ਹੈ । ਜੇਕਰ ਅਸੀਂ ਸਮੇਂ ਸਿਰ ਇਹ ਮਹੱਤਵਪੂਰਨ ਫ਼ੈਸਲਾ ਲੈ ਲੈਂਦੇ ਹਾਂ ਤਾਂ ਇਸ ਮਿੱਥੇ ਟੀਚੇ ਦੀ ਤਿਆਰੀ ਵਿੱਚ ਸਮੇਂ ਸਿਰ ਇੱਕਜੁੱਟ ਹੋ ਸਕਦੇ ਹਾਂ ।

## 2. ਯੋਜਨਾਬੰਦੀ ਕਰਨਾ:

ਟੀਚਾ ਨਿਰਧਾਰਿਤ ਕਰਨ ਤੋਂ ਬਾਅਦ ਅਗਲਾ ਪੜਾਅ ਹੈ : ਉਸ ਟੀਚੇ ਨੂੰ ਹਾਸਲ ਕਰਨ ਲਈ ਯੋਜਨਾ ਤਿਆਰ ਕਰਨਾ । ਜਿਵੇਂ ਮੰਨ ਲਈਏ ਕਿ ਅਸੀਂ ਬੈਂਕ ਵਿੱਚ ਆਪਣਾ ਕੈਰੀਅਰ ਬਣਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਬੈਂਕ ਵਿੱਚ ਨੌਕਰੀ ਹਾਸਲ ਕਰਨ ਲਈ ਕੀ ਵਿੱਦਿਅਕ ਯੋਗਤਾ ਚਾਹੀਦੀ ਹੈ ਅਤੇ ਪੜ੍ਹਾਈ ਤੋਂ ਇਲਾਵਾ ਕਿਹੜੇ ਵਿਸ਼ਿਆਂ ਦਾ ਗਿਆਨ ਹੋਣਾ ਚਾਹੀਦਾ ਹੈ? ਉਹਨਾਂ ਵਿਸ਼ਿਆਂ ਦੀ ਤਿਆਰੀ ਕਿਵੇਂ ਕਰਨੀ ਹੈ ? ਇਸ ਤਿਆਰੀ ਲਈ ਸਮਾਂ ਨਿਰਧਾਰਿਤ ਕਰਨਾ ਆਦਿ । ਸਾਨੂੰ ਆਪਣੀ ਅਗਲੇਰੀ ਪੜ੍ਹਾਈ ਦੇ ਨਾਲ਼-ਨਾਲ਼ ਹੀ ਮੁਕਾਬਲੇ ਪਰੀਖਿਆਵਾਂ ਦੀ ਤਿਆਰੀ ਕਰਨਾ ਵੀ ਬਹੁਤ ਜ਼ਰੂਰੀ ਹੈ । ਇਸ ਸਭ ਲਈ ਚੰਗੀ ਯੋਜਨਾਬੰਦੀ ਹੋਣਾ ਬਹੁਤ ਜ਼ਰੂਰੀ ਹੈ ।

## 3. ਯੋਜਨਾ ਅਨੁਸਾਰ ਕੰਮ ਕਰਨਾ:

ਅਕਸਰ ਅਸੀਂ ਪਹਿਲੇ ਦੋ ਪੜਾਵਾਂ ਵਿਚੋਂ ਤਾਂ ਲੰਘ ਜਾਂਦੇ ਹਾਂ ਪਰ ਅੱਗੇ ਅਮਲ ਕਰਨਾ ਭੁੱਲ ਜਾਂਦੇ ਹਾਂ। ਇਹੋ ਲਾਪਰਵਾਹੀ ਸਾਡੀ ਸਫ਼ਲਤਾ ਦਾ ਮੁੱਖ ਰੋੜਾ ਸਾਬਿਤ ਹੁੰਦੀ ਹੈ। ਸਾਨੂੰ ਚਾਹੀਦਾ ਹੈ ਕਿ ਸਮੇਂ ਦੀ ਕੀਮਤ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਯੋਜਨਾਬੱਧ ਤਰੀਕੇ ਨਾਲ਼ ਤਿਆਰੀ ਕੀਤੀ ਜਾਵੇ ।

## 4. ਆਤਮ-ਵਿਸ਼ਵਾਸ:

ਨਿਰਧਾਰਿਤ ਕੀਤੇ ਟੀਚੇ ਨੂੰ ਹਾਸਲ ਕਰਨ ਲਈ ਆਤਮ-ਵਿਸ਼ਵਾਸ ਹੋਣਾ ਬਹੁਤ ਜ਼ਰੂਰੀ ਹੈ। ਸਾਨੂੰ ਆਪਣੇ ਆਪ 'ਤੇ ਪੂਰਾ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਅਸੀਂ ਤੈਅ ਕੀਤੇ ਟੀਚੇ ਨੂੰ ਹਾਸਲ ਕਰ ਸਕਦੇ ਹਾਂ। ਜੇਕਰ ਸਾਡਾ ਆਤਮ-ਵਿਸ਼ਵਾਸ ਡੋਲ ਜਾਂਦਾ ਹੈ ਤਾਂ ਮੰਜ਼ਲ ਨੂੰ ਹਾਸਲ ਕਰਨਾ ਮੁਸ਼ਕਲ ਹੈ। ਇਸ ਲਈ ਆਤਮ-ਵਿਸ਼ਵਾਸ ਅਤੇ ਅਣਥੱਕ ਮਿਹਨਤ ਨਾਲ਼ ਹੀ ਮੰਜ਼ਲ ਨੂੰ ਹਾਸਲ ਕੀਤਾ ਜਾ ਸਕਦਾ ਹੈ।

## 5. ਮੁਸ਼ਕਲਾਂ ਦਾ ਸਾਹਮਣਾ ਕਰਨਾ:

ਕਈ ਵਾਰ ਮੰਜ਼ਲ ਵੱਲ ਵੱਧਦਿਆਂ ਔਕੜਾਂ ਸਾਨੂੰ ਭਟਕਾਉਣ ਦੀ ਕੋਸ਼ਿਸ਼ ਕਰਨਗੀਆਂ। ਸਾਨੂੰ ਇਹਨਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਣਾ ਹੈ। ਇਹਨਾਂ ਮੁਸ਼ਕਲਾਂ ਨੂੰ ਖਿੜ੍ਹੇ ਮੱਥੇ ਸਵੀਕਾਰ ਕਰੋ ਅਤੇ ਹੱਲ ਲੱਭਣ ਦੀ ਕੋਸ਼ਿਸ਼ ਕਰੋ। ਤਾਂ ਹੀ ਅਸੀਂ ਆਪਣੀ ਮੰਜ਼ਲ ਹਾਸਲ ਕਰ ਸਕਦੇ ਹਾਂ।

ਅੰਤ ਵਿੱਚ ਮੈਂ ਇਹੋ ਕਹਿਣਾ ਚਾਹੁੰਦਾ ਹਾਂ ਕਿ ਰੁਕਣਾ ਨਹੀਂ, ਥੱਕਣਾ ਨਹੀਂ, ਔਕੜਾਂ ਨੂੰ ਦੇਖ ਕੇ ਰਸਤਾ ਨਹੀਂ ਬਦਲਣਾ। ਬਿਨ੍ਹਾਂ ਡਰੇ, ਅਣਥੱਕ ਮਿਹਨਤ ਸਦਕਾ ਹੀ ਮੰਜ਼ਲ ਨੂੰ ਹਾਸਲ ਕੀਤਾ ਜਾ ਸਕਦਾ ਹੈ।

*(Source – Competition Refresher, Bright's Career, After +2 and Beyond)*

# ਸਿਵਲ ਸੇਵਾਵਾਂ

ਭਾਰਤ ਵਿੱਚ ਸਿਵਲ ਸਰਵਿਸ ਹਰ ਇੱਕ ਪੜ੍ਹੇ ਲਿਖੇ ਨਾਗਰਿਕ ਦਾ ਸੁਪਨਾ ਹੁੰਦਾ ਹੈ । ਪਰ ਸਖ਼ਤ ਮੁਕਾਬਲਾ ਹੋਣ ਕਰਕੇ ਮੁੱਠੀ ਭਰ ਚਾਹਵਾਨ ਹੀ ਇਹ ਸੁਪਨਾ ਪੂਰਾ ਕਰ ਪਾਉਂਦੇ ਹਨ । ਇਹ ਬਹੁਤ ਵੱਕਾਰ ਵਾਲੀ ਨੌਕਰੀ ਹੈ ਅਤੇ ਸਮਾਜ ਵਿੱਚ ਇਸ ਨੂੰ ਬਹੁਤ ਸਨਮਾਨ ਨਾਲ਼ ਦੇਖਿਆ ਜਾਂਦਾ ਹੈ । ਸਿਵਲ ਸੇਵਾਵਾਂ ਦੀ ਪਰੀਖਿਆ ਨੂੰ ਪਾਸ ਕਰਨਾ ਬਹੁਤ ਮੁਸ਼ਕਲ ਹੈ ਅਤੇ ਸੰਭਾਵੀ ਪਰੀਖਿਆਰਥੀਆਂ ਨੂੰ ਤਿੰਨ ਪੜਾਵਾਂ ਵਿੱਚੋਂ ਗੁਜ਼ਰ ਕੇ ਇਸ ਨੂੰ ਪਾਸ ਕਰਨਾ ਹੁੰਦਾ ਹੈ।

ਸਿਵਲ ਸੇਵਾਵਾਂ ਦੀ ਪਰੀਖਿਆ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ । ਪਹਿਲਾ ਪੜਾਅ ਹੈ:- ਮੁੱਢਲੀ ਪਰੀਖਿਆ- ਇਸ ਪੜਾਅ ਨੂੰ ਪਾਸ ਕਰਨ ਤੋਂ ਬਾਅਦ ਦੂਜੇ ਗੇੜ ਦੀ ਪਰੀਖਿਆ ਹੁੰਦੀ ਹੈ, ਜਿਸ ਨੂੰ ਮੇਨਜ਼ ਕਿਹਾ ਜਾਂਦਾ ਹੈ । ਮੇਨਜ਼ ਵਿੱਚ ਵਿਸਤ੍ਰਿਤ ਲਿਖਤੀ ਪਰੀਖਿਆ ਲਈ ਜਾਂਦੀ ਹੈ । ਮੇਨਜ਼ ਪਰੀਖਿਆ ਵਿੱਚ ਦੋ ਆਪਸ਼ਨਲ ਵਿਸ਼ੇ, ਅੰਗਰੇਜੀ ਅਤੇ ਆਮ ਗਿਆਨ ਦੇ ਵਿਸ਼ੇ ਪੁੱਛੇ ਜਾਂਦੇ ਹਨ ਅਤੇ ਇਸ ਨੂੰ ਪਾਸ ਕਰਨ ਤੋਂ ਬਾਅਦ ਇੰਟਰਵਿਊ ਲਈ ਜਾਂਦੀ ਹੈ । ਇਹ ਪਰੀਖਿਆ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ (UPSC) ਵੱਲੋਂ ਲਈ ਜਾਂਦੀ ਹੈ ।

## ਵਿੱਦਿਅਕ ਯੋਗਤਾ:

ਇਸ ਪਰੀਖਿਆ ਵਿੱਚ ਬੈਠਣ ਲਈ ਉਮੀਦਵਾਰ ਨੇ ਕਿਸੇ ਮਾਨਤਾ ਪ੍ਰਾਪਤ ਯੁਨੀਵਰਸਿਟੀ ਤੋਂ ਡਿਗਰੀ ਜਾਂ ਇਸ ਦੇ ਬਰਾਬਰ ਦੀ ਯੋਗਤਾ ਹਾਸਲ ਕੀਤੀ ਹੋਣੀ ਚਾਹੀਦੀ ਹੈ ।

## ਉਮਰ ਸੀਮਾ:

ਸਿਵਲ ਸੇਵਾਵਾਂ ਦੀ ਪਰੀਖਿਆ ਵਿੱਚ ਬੈਠਣ ਲਈ ਪਰੀਖਿਆਰਥੀ ਦੀ ਉਮਰ ਘੱਟੋ ਘੱਟ 21 ਸਾਲ ਹੋਣੀ ਲਾਜ਼ਮੀ ਹੈ ਅਤੇ ਵੱਧ ਤੋਂ ਵੱਧ ਉਮਰ 32 ਸਾਲ ਹੋ ਸਕਦੀ ਹੈ। ਕੁੱਝ ਰਾਖਵੀਆਂ ਸ਼੍ਰੇਣੀਆਂ ਲਈ ਉਮਰ ਸੀਮਾ ਵਿੱਚ ਛੋਟ ਦਿੱਤੀ ਗਈ ਹੈ । ਜਿਸ ਵਿੱਚ ਹੋਰ ਪਿਛੜੀਆਂ ਸ਼੍ਰੇਣੀਆਂ ਲਈ ਤਿੰਨ ਸਾਲ ਅਤੇ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਉਮੀਦਵਾਰਾਂ ਲਈ 5 ਸਾਲ ਦੀ ਛੋਟ ਸ਼ਾਮਿਲ ਹੈ । ਇਸ ਤੋਂ ਇਲਾਵਾ ਹੋਰ ਵੱਖ-ਵੱਖ ਰਾਖਵੀਆਂ ਸ਼੍ਰੇਣੀਆਂ ਲਈ ਉਮਰ ਸੀਮਾ ਵਿੱਚ ਨਿਯਮਾਂ ਅਨੁਸਾਰ ਛੋਟਾਂ ਸ਼ਾਮਿਲ ਹਨ ।

ਸਿਵਲ ਸੇਵਾਵਾਂ ਦੀ ਪਰੀਖਿਆ ਤਿੰਨ ਭਾਗਾਂ ਵਿੱਚ ਵੰਡੀ ਹੋਈ ਹੈ:

1. ਸਿਵਲ ਸੇਵਾਵਾਂ (ਮੁੱਢਲੀ ਪਰੀਖਿਆ)
2. ਸਿਵਲ ਸੇਵਾਵਾਂ (ਮੇਨਜ਼ ਪਰੀਖਿਆ)
3. ਇੰਟਰਵਿਊ

## ਮੁੱਢਲੀ ਪਰੀਖਿਆ:

ਇਹ ਇੱਕ ਸਕਰੀਨਿੰਗ ਪਰੀਖਿਆ ਹੈ । ਇਹ ਪਰੀਖਿਆ ਦੋ ਭਾਗਾਂ ਵਿੱਚ ਵੰਡੀ ਹੁੰਦੀ ਹੈ ।

ਪੇਪਰ 1: ਆਮ ਗਿਆਨ-1 (200 ਅੰਕ)

ਪੇਪਰ 2: ਸਿਵਲ ਸਰਵਿਸਜ ਐਪਟੀਚਿਊਟ ਟੈਸਟ (CSAT) (200 ਅੰਕ)

ਇਸ ਪਰੀਖਿਆ ਵਿੱਚ ਹਾਸਲ ਕੀਤੇ ਅੰਕ ਅੰਤਮ ਮੈਰਿਟ ਵਿੱਚ ਨਹੀਂ ਜੋੜੇ ਜਾਂਦੇ ।

## ਮੇਨਜ਼ ਪਰੀਖਿਆ:

ਜਿਹੜੇ ਉਮੀਦਵਾਰ ਮੁੱਢਲੀ ਪਰੀਖਿਆ ਪਾਸ ਕਰ ਲੈਂਦੇ ਹਨ ਉਹਨਾਂ ਨੂੰ ਮੇਨਜ਼ ਪਰੀਖਿਆ ਵਿੱਚ ਭਾਗ ਲੈਣ ਲਈ ਦੁਬਾਰਾ ਫਾਰਮ ਭਰਨਾ ਪੈਂਦਾ ਹੈ।

ਮੇਨਜ਼ ਪਰੀਖਿਆ ਵਿੱਚ ਉਮੀਦਵਾਰ ਦੀ ਅਕਾਦਮਿਕ ਪ੍ਰਤਿਭਾ ਦੀ ਡੂੰਘਾਈ ਅਤੇ ਪ੍ਰਸ਼ਨਾਂ ਦੇ ਲੋੜੀਂਦੇ ਜਵਾਬਾਂ ਨੂੰ ਸਮੇਂ ਸਿਰ ਕਰਨ ਲਈ ਪਰਖ ਕੀਤੀ ਜਾਂਦੀ ਹੈ। ਮੇਨਜ਼ ਪਰੀਖਿਆ ਵਿੱਚ 9 ਪੇਪਰ ਹੁੰਦੇ ਹਨ, ਜਿਨ੍ਹਾਂ ਵਿਚੋਂ ਹੇਠ ਲਿਖੇ 2 ਕੁਆਲੀਫ਼ਾਈਂਗ (Qualifying) ਪੇਪਰ ਹੁੰਦੇ ਹਨ।

## ਕੁਆਲੀਫ਼ਾਈਂਗ (Qualifying) ਪੇਪਰ

- ਦਿੱਤੀਆਂ ਭਾਰਤੀ ਭਾਸ਼ਾਵਾਂ ਵਿਚੋਂ ਕੋਈ ਇੱਕ ਭਾਸ਼ਾ (300 ਅੰਕ)
- ਅੰਗਰੇਜ਼ੀ (300 ਅੰਕ)

ਬਾਕੀ 7 ਪੇਪਰਾਂ ਨੂੰ ਭਾਰਤੀ ਸੰਵਿਧਾਨ ਦੀ ਅਠਵੀਂ ਅਨੁਸੂਚੀ ਵਿੱਚ ਦਿੱਤੀਆਂ ਗਈਆਂ ਭਾਸ਼ਾਵਾਂ ਵਿੱਚੋਂ ਕਿਸੇ ਵੀ ਭਾਸ਼ਾ ਵਿੱਚ ਜਾਂ ਅੰਗਰੇਜ਼ੀ ਵਿੱਚ ਲਿਖਿਆ ਜਾ ਸਕਦਾ ਹੈ।

- **ਲੇਖ -** ਉਮੀਦਵਾਰ ਆਪਣੀ ਪਸੰਦ ਦੇ ਮਾਧਿਅਮ ਵਿੱਚ ਲਿਖ ਸਕਦਾ ਹੈ। (250 ਅੰਕ)
- **ਆਮ ਗਿਆਨ I –** ਭਾਰਤੀ ਵਿਰਾਸਤ ਤੇ ਸਭਿਆਚਾਰ, ਇਤਿਹਾਸ, ਵਿਸ਼ਵ ਅਤੇ ਸੋਸਾਇਟੀ ਦਾ ਭੂਗੋਲ (250 ਅੰਕ)
- **ਆਮ ਗਿਆਨ II –** ਸ਼ਾਸਨ, ਸੰਵਿਧਾਨ, ਰਾਜਨੀਤੀ, ਸਮਾਜਿਕ ਨਿਆ ਤੇ ਅੰਤਰਰਾਸ਼ਟਰੀ ਸੰਬੰਧ (250 ਅੰਕ)
- **ਆਮ ਗਿਆਨ III –** ਸ਼ਾਸਨ, ਸੰਵਿਧਾਨ, ਰਾਜਨੀਤੀ, ਸਮਾਜਿਕ ਨਿਆ ਤੇ ਅੰਤਰਰਾਸ਼ਟਰੀ ਸੰਬੰਧ (250 ਅੰਕ)
- **ਆਮ ਗਿਆਨ IV –** ਨੈਤਿਕਤਾ, ਏਕੀਕਰਨ ਅਤੇ ਯੋਗਤਾ (250 ਅੰਕ)

ਉਪਰੋਕਤ ਤੋਂ ਇਲਾਵਾ ਆਪਸ਼ਨਲ ਵਿਸ਼ਿਆਂ ਵਿੱਚੋਂ ਕੋਈ 1 ਆਪਸ਼ਨਲ ਵਿਸ਼ੇ

- **ਆਪਸ਼ਨਲ ਵਿਸ਼ਾ -** 1 (250 ਅੰਕ)
- **ਆਪਸ਼ਨਲ ਵਿਸ਼ਾ -** 2 (250 ਅੰਕ)

## ਇੰਟਰਵਿਊ:

ਕੁੱਲ ਖਾਲੀ ਅਸਾਮੀਆਂ ਤੋਂ ਦੁੱਗਣੇ ਉਮੀਦਵਾਰਾਂ ਨੂੰ ਇੰਟਰਵਿਊ ਲਈ ਬੁਲਾਇਆ ਜਾਂਦਾ ਹੈ। ਇੰਟਰਵਿਊ ਵਿੱਚ ਉਮੀਦਵਾਰ ਦੀ ਸ਼ਖਸੀਅਤ ਦਾ ਟੈਸਟ ਹੁੰਦਾ ਹੈ। ਇਸ ਵਿੱਚ ਉਮੀਦਵਾਰ ਦੀ ਮਾਨਸਿਕ ਚੌਕਸੀ, ਸ਼ਕਤੀਆਂ, ਤਰਕਵਾਦੀ ਸੋਚ, ਨਿਰਣਾ ਲੈਣ ਦੀ ਸਮਰੱਥਾ, ਲੀਡਰਸ਼ਿਪ ਗੁਣ, ਬੌਧਿਕ ਗਿਆਨ ਅਤੇ ਨੈਤਿਕ ਇਮਾਨਦਾਰੀ ਆਦਿ ਦੀ ਪਰੀਖਿਆ ਹੁੰਦੀ ਹੈ। ਇਹ 275 ਅੰਕਾਂ ਦੀ ਹੁੰਦੀ ਹੈ। ਮੇਨਜ਼ ਪਰੀਖਿਆ ਅਤੇ ਇੰਟਰਵਿਊ ਵਿੱਚ ਪ੍ਰਾਪਤ ਕੀਤੇ ਅੰਕਾਂ ਦੇ ਆਧਾਰ 'ਤੇ ਉਮੀਦਵਾਰ ਦੀ ਅੰਤਿਮ ਮੈਰਿਟ ਨਿਰਧਾਰਿਤ ਹੁੰਦੀ ਹੈ।

## ਖਾਲੀ ਅਸਾਮੀਆਂ :

ਹਰ ਸਾਲ ਲਗਭਗ 1000 ਉਮੀਦਵਾਰਾਂ ਦੀ ਚੋਣ ਇਸ ਪਰੀਖਿਆ ਰਾਹੀਂ ਸਿਵਲ ਸੇਵਾਵਾਂ ਲਈ ਕੀਤੀ ਜਾਂਦੀ ਹੈ।

## ਮੁੱਢਲੀ ਤਨਖਾਹ:

ਭਾਰਤ ਵਿੱਕ ਇੱਕ ਸਿਵਲ ਅਧਿਕਾਰੀ ਦੀ ਮੁੱਢਲੀ ਤਨਖਾਹ ਲਗਭਗ 56,100/- ਰੁਪਏ ਹੁੰਦੀ ਹੈ ਜੋ ਕਿ ਸਲਾਨਾ ਤਰੱਕੀਆਂ ਅਤੇ ਹੋਰ ਭੱਤਿਆ ਦੇ ਵਾਧੇ ਦੇ ਆਧਾਰ ‘ਤੇ ਵਧਦੀ ਹੈ।

## ਸਿਵਲ ਸੇਵਾਵਾਂ ਅਧੀਨ ਹੇਠ ਲਿਖੀਆਂ ਸੇਵਾਵਾਂ ਆਉਂਦੀਆਂ ਹਨ :

ਭਾਰਤੀ ਪ੍ਰਬੰਧਕੀ ਸੇਵਾਵਾਂ (IAS): ਭਾਰਤੀ ਪ੍ਰਬੰਧਕੀ ਸੇਵਾਵਾਂ ਇੱਕ ਉੱਚ ਕੋਟੀ ਦੀ ਸੇਵਾ ਹੈ। ਇਸ ਦੀ ਮੁਕਾਬਲਾ ਪਰੀਖਿਆ ਲਈ ਬਹੁਤ ਜ਼ਿਆਦਾ ਮਿਹਨਤ ਦੀ ਲੋੜ ਹੁੰਦੀ ਹੈ ਅਤੇ ਉਨ੍ਹਾਂ ਵਿੱਚ ਅਗਵਾਈ ਕਰਨ ਵਾਲ਼ੇ ਅਤੇ ਵੱਖਰੀ ਪ੍ਰਤੀਭਾ ਵਾਲ਼ੇ ਗੁਣ ਹੋਣ। ਚੋਣ ਹੋਣ ਉਪਰੰਤ ਉਮੀਦਵਾਰ ਨੂੰ ਲਾਲ ਬਹਾਦਰ ਸ਼ਾਸਤਰੀ ਅਕਾਡਮੀ ਅੱਫ਼ ਨੈਸ਼ਨਲ ਐਡਮਿਨਸਟ੍ਰੇਸ਼ਨ, ਮਸੂਰੀ ਵਿੱਖੇ 20 ਮਹੀਨਿਆਂ ਦੀ ਟ੍ਰੇਨਿੰਗ ਹਾਸਲ ਕਰਨੀ ਪੈਂਦੀ ਹੈ। ਉਸ ਤੋਂ ਬਾਅਦ ਉਮੀਦਵਾਰ ਨੂੰ ਜਿਸ ਰਾਜ ਸੰਬੰਧੀ ਉਸ ਨੇ ਰਜ਼ਾਮੰਦੀ ਦਿੱਤੀ ਹੁੰਦੀ ਹੈ ਉਸ ਰਾਜ ਵਿੱਚ ਸਹਾਇਕ ਕਮਿਸ਼ਨਰ ਤੈਨਾਤ ਕੀਤਾ ਜਾਂਦਾ ਹੈ।

ਭਾਰਤੀ ਵਿਦੇਸ਼ੀ ਸੇਵਾਵਾਂ (IFS): ਭਾਰਤੀ ਵਿਦੇਸ਼ੀ ਸੇਵਾਵਾਂ ਵੀ ਭਾਰਤੀ ਪ੍ਰਬੰਧਕੀ ਸੇਵਾਵਾਂ ਦੀ ਤਰ੍ਹਾਂ ਹੀ ਇੱਕ ਉੱਚ ਕੋਟੀ ਦੀ ਸੇਵਾ ਹੈ। ਭਾਰਤੀ ਵਿਦੇਸ਼ ਸੇਵਾਵਾਂ ਦੇ ਅਧਿਕਾਰੀ ਵਿਦੇਸ਼ ਮੰਤਰਾਲਾ, ਨਵੀਂ ਦਿੱਲੀ ਅਤੇ ਭਾਰਤੀ ਡਿਪਲੋਮੈਟਿਕ ਮਿਸ਼ਨ ਅਧੀਨ ਭਾਰਤ ਜਾਂ ਭਾਰਤ ਤੋਂ ਬਾਹਰ ਕਿਤੇ ਵੀ ਤੈਨਾਤ ਕੀਤੇ ਜਾ ਸਕਦੇ ਹਨ। ਇਹਨਾਂ ਨੂੰ ਭਾਰਤ ਤੋਂ ਬਾਹਰ ਕਿਸੇ ਮਿਸ਼ਨ ਲਈ ਵੱਧ ਤੋਂ ਵੱਧ ਤਿੰਨ ਸਾਲਾਂ ਲਈ ਤੈਨਾਤ ਕੀਤਾ ਜਾ ਸਕਦਾ ਹੈ। ਹਰ 6 ਸਾਲਾਂ ਦੀ ਭਾਰਤ ਤੋਂ ਬਾਹਰ ਤੈਨਾਤੀ ਤੋਂ ਬਾਅਦ ਕਰਮਚਾਰੀ ਨੂੰ ਤਿੰਨ ਸਾਲਾਂ ਲਈ ਆਪਣੇ ਘਰੇਲੂ ਦੇਸ਼ ਵਿੱਚ ਰਹਿਣਾ ਪੈਂਦਾ ਹੈ। ਇਸ ਸੇਵਾ ਵਿੱਚ ਸਭ ਤੋਂ ਵੱਡਾ ਅਹੁੱਦਾ ਸੈਕਟਰੀ, ਵਿਦੇਸ਼ ਮੰਤਰਾਲਾ ਦਾ ਹੁੰਦਾ ਹੈ।

ਭਾਰਤੀ ਪੁਲਿਸ ਸੇਵਾਵਾਂ (IPS): ਭਾਰਤੀ ਪ੍ਰਬੰਧਕੀ ਸੇਵਾਵਾਂ ਅਤੇ ਭਾਰਤੀ ਵਿਦੇਸ਼ੀ ਸੇਵਾਵਾਂ ਤੋਂ ਬਾਅਦ ਸਮਾਜਕ ਰੁਤਬੇ ਦੇ ਆਧਾਰ 'ਤੇ ਭਾਰਤੀ ਪੁਲਿਸ ਸੇਵਾਵਾਂ ਬਹੁਤ ਹੀ ਮਹੱਤਵਪੂਰਨ ਅਤੇ ਸਭ ਦੀ ਮਨਪਸੰਦ ਸੇਵਾ ਹੈ। ਭਾਰਤੀ ਪੁਲਿਸ ਸੇਵਾਵਾਂ ਲਈ ਚੁਣੇ ਗਏ ਉਮੀਦਵਾਰਾਂ ਨੂੰ ਸੁਪਰਿਨਟੈਂਡੈਂਟ ਅੱਫ਼ ਪੁਲਿਸ (ਐੱਸ.ਪੀ.) ਦਾ ਅਹੁਦਾ ਪ੍ਰਾਪਤ ਹੁੰਦਾ ਹੈ। ਇਸ ਤੋਂ ਬਾਅਦ ਤਰੱਕੀ ਸੀਨੀਆਰਤਾ ਅਤੇ ਕਾਬਲੀਅਤ ਦੇ ਆਧਾਰ ‘ਤੇ ਮਿਲਦੀ ਹੈ।

ਭਾਰਤੀ ਆਡਿਟ ਅਤੇ ਅਕਾਊਂਟ ਸੇਵਾਵਾਂ: ਭਾਰਤੀ ਆਡਿਟ ਅਤੇ ਅਕਾਊਂਟ ਸੇਵਾਵਾਂ ਵਿੱਚ ਤੈਨਾਤ ਅਧਿਕਾਰੀਆਂ ਨੂੰ ਵਿੱਤੀ ਅਨੁਸ਼ਾਸਨ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਹੁੰਦੀ ਹੈ। ਇਹ ਅੰਦਰੂਨੀ ਕੰਟਰੋਲ ਅਤੇ ਅੰਦਰੂਨੀ ਆਡਿਟ ਪ੍ਰਬੰਧਨ ਨੂੰ ਬਣਾਉਣ ਅਤੇ ਸਖ਼ਤੀ ਨਾਲ਼ ਲਾਗੂ ਕਰਨ ਦੀ ਜ਼ਿੰਮੇਵਾਰੀ ਨਿਭਾਉਂਦੇ ਹਨ। ਇਹ ਵੱਖ-ਵੱਖ ਮੰਤਰਾਲਿਆਂ ਵਿੱਚ ਆਡਿਟ ਕਰਨ ਲਈ ਜਾਂਦੇ ਹਨ। ਇਹ ਅਧਿਕਾਰੀ ਭਾਰਤੀ ਕੰਪਟ੍ਰੋਲਰ ਅਤੇ ਆਡਿਟਰ ਜਨਰਲ ਅਧੀਨ ਕੰਮ ਕਰਦੇ ਹਨ।

ਭਾਰਤੀ ਪੋਸਟ ਅਤੇ ਟੈਲੀਕਮਿਊਨੀਕੇਸ਼ਨ ਅਕਾਊਂਟ ਅਤੇ ਫ਼ਾਈਨਾਂਸ ਸੇਵਾਵਾਂ: ਭਾਰਤੀ ਪੋਸਟ ਅਤੇ ਟੈਲੀਕਮਿਊਨੀਕੇਸਨ ਅਕਾਊਟ ਅਤੇ ਫ਼ਾਈਨਾਂਸ ਸੇਵਾ ਇੱਕ ਵਿਸ਼ੇਸ਼ ਕਾਡਰ ਹੈ ਜੋ ਵਿਸ਼ੇਸ਼ ਤੌਰ ‘ਤੇ ਦੂਰਸੰਚਾਰ ਅਤੇ ਡਾਕ ਵਿਭਾਗ ਲਈ ਕਈ ਵਿੱਤੀ ਪ੍ਰਬੰਧਨ ਸੇਵਾਵਾਂ ਪ੍ਰਦਾਨ ਕਰਦਾ ਹੈ। ਇਸ ਕਾਡਰ ਦੇ ਅਧਿਕਾਰੀ ਸਪੈਕਟ੍ਰਮ ਦੀ ਨੀਤੀ ਤਿਆਰ ਕਰਨ, ਦੋ ਵਿਭਾਗਾਂ ਦਾ ਅੰਦਰੂਨੀ ਆਡਿਟ ਕਰਨ ਅਤੇ ਦੋਨੋ ਵਿਭਾਗਾਂ ਦੇ ਮਨੁੱਖੀ ਸਰੋਤ ਪ੍ਰਬੰਧਨ ਵਿੱਚ ਸ਼ਾਮਲ ਹੋ ਸਕਦੇ ਹਨ।

ਭਾਰਤੀ ਮਾਲ ਸੇਵਾਵਾਂ (ਕਸਟਮ ਅਤੇ ਕੇਂਦਰੀ ਆਬਕਾਰੀ): ਇਨ੍ਹਾਂ ਸੇਵਾਵਾਂ ਦੇ ਅਧਿਕਾਰੀ ਇੱਕ ਕਾਨੂੰਨੀ ਸੰਸਥਾ ਕੇਂਦਰੀ ਬੋਰਡ ਆੱਫ਼ ਆਬਕਾਰੀ ਅਤੇ ਕਸਟਮਜ਼ ਦੇ ਅਧੀਨ ਕੰਮ ਕਰਦੇ ਹਨ। ਇਹ ਆਬਕਾਰੀ ਅਤੇ ਕਸਟਮ ਟੈਕਸਾਂ ਦੀ ਵਸੂਲੀ ਦਾ ਪ੍ਰਬੰਧ ਕਰਦੇ ਹਨ।

ਭਾਰਤੀ ਰੱਖਿਆ ਅਕਾਊਂਟਸ ਸੇਵਾਵਾਂ (IDAS): ਭਾਰਤੀ ਰੱਖਿਆ ਅਕਾਊਂਟਸ ਸੇਵਾਵਾਂ (IDAS) ਦੇ ਅਧਿਕਾਰੀ ਵੱਖ ਵੱਖ ਰੱਖਿਆ ਪ੍ਰਾਪਤੀਆਂ, ਲਾਇਸੈਂਸ, ਖ਼ਰੀਦ, ਹਥਿਆਰਾਂ ਦੀ ਸੇਵਾ ਵਾਰੰਟੀ ਆਦਿ ਕੰਮਾਂ ਵਿੱਚ ਵਿੱਤ ਪ੍ਰਬੰਧਨ ਲਈ ਮੁੱਖ ਭੂਮਿਕਾ ਅਦਾ ਕਰਦੇ ਹਨ।

ਭਾਰਤੀ ਮਾਲ ਸੇਵਾਵਾਂ (I.T.): ਭਾਰਤੀ ਮਾਲ ਸੇਵਾਵਾਂ ਦੇ ਅਧਿਕਾਰੀ ਸੈਂਟਰਲ ਬੋਰਡ ਆੱਫ਼ ਡਾਇਰੈਕਟ ਟੈਕਸਿਜ਼ ਨਾਂ ਦੀ ਇੱਕ ਕਾਨੂੰਨੀ ਸੰਸਥਾ ਅਧੀਨ ਕੰਮ ਕਰਦੇ ਹਨ। ਇਹ ਸੰਸਥਾ ਦੇਸ਼ ਦੇ ਵਿਕਾਸ ਲਈ ਸਿੱਧੇ ਟੈਕਸਾਂ ਦੀ ਵਸੂਲੀ ਨਾਲ਼ ਸੰਬਧਿਤ ਹੈ।

ਭਾਰਤੀ ਆਰਡੀਨੈਂਸ ਫੈਕਟਰੀਜ ਸੇਵਾਵਾਂ (ਸਹਾਇਕ ਵਰਕਸ ਮੈਨੇਜਰ, ਪ੍ਰਸ਼ਾਸਨ): ਆਈ.ਓ.ਐਫ.ਐਸ. ਅਧਿਕਾਰੀ ਰੱਖਿਆ ਮੰਤਰਾਲੇ ਦੇ ਅਧੀਨ ਕੰਮ ਕਰਦੇ ਹਨ ਅਤੇ ਭਾਰਤੀ ਆਰਡੀਨੈਂਸ ਫੈਕਟਰੀਆਂ ਦਾ ਪ੍ਰਬੰਧਨ ਕਰਦੇ ਹਨ।

ਭਾਰਤੀ ਡਾਕ ਸੇਵਾਵਾਂ (IPS): ਭਾਰਤੀ ਡਾਕ ਸੇਵਾ ਅਧਿਕਾਰੀ ਸੰਚਾਰ ਲਈ ਖਾਸ ਤੌਰ 'ਤੇ ਡਾਕ ਸੰਚਾਰ ਲਈ ਨਵੀਨਤਮ ਰਾਸ਼ਟਰੀ ਯੋਜਨਾਵਾਂ ਵਿਕਸਤ ਕਰਨ ਨਾਲ਼ ਸੰਬੰਧਿਤ ਹਨ।

ਭਾਰਤੀ ਸਿਵਲ ਅਕਾਊਂਟ ਸੇਵਾਵਾਂ (ICAS): ਭਾਰਤੀ ਸਿਵਲ ਅਕਾਊਂਟ ਸੇਵਾ ਅਧਿਕਾਰੀ ਵਿੱਤ ਮੰਤਰਾਲੇ ਦੇ ਅਧੀਨ ਕੰਮ ਕਰਦੇ ਹਨ। ਉਹ ਆਡਿਟ ਕਰਨ, ਟੈਕਸਾਂ ਦੀ ਵਸੂਲੀ ਕਰਨ ਅਤੇ ਵੱਖ-ਵੱਖ ਮੰਤਰਾਲਿਆਂ ਲਈ ਬਜਟ ਅਨੁਮਾਨ ਬਣਾਉਣ ਲਈ ਕੇਂਦਰ ਸਰਕਾਰ ਦੇ ਵਿੱਤੀ ਪ੍ਰਬੰਧਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਭਾਰਤੀ ਰੇਲਵੇ ਟ੍ਰੈਫਿਕ ਸੇਵਾ (IRTS): ਆਈ.ਆਰ.ਟੀ.ਐੱਸ. ਅਧਿਕਾਰੀਆਂ ਨੂੰ ਭਾਰਤੀ ਰੇਲਵੇ ਦੇ ਪ੍ਰਬੰਧਨ ਕਾਰਜ ਅਤੇ ਵਪਾਰਕ ਵਿੰਗ ਦੀ ਜ਼ਿੰਮੇਵਾਰੀ ਦਿੱਤੀ ਜਾਂਦੀ ਹੈ।

ਭਾਰਤੀ ਰੇਲਵੇ ਅਕਾਊਂਟਸ ਸੇਵਾ (IRAS): ਆਈ. ਆਰ.ਏ. ਐੱਸ. ਅਧਿਕਾਰੀ ਭਾਰਤੀ ਰੇਲਵੇ ਦੇ ਖਾਤਿਆਂ ਦਾ ਵਿੱਤ ਪ੍ਰਬੰਧਨ ਕਰਦੇ ਹਨ।

ਭਾਰਤੀ ਰੇਲਵੇ ਪ੍ਰਸੋਨਲ ਸੇਵਾ (IRPS): ਆਈ. ਆਰ.ਪੀ.ਐੱਸ. ਅਧਿਕਾਰੀ ਭਾਰਤੀ ਰੇਲਵੇ ਲਈ ਮਨੁੱਖੀ ਸਰੋਤ ਪ੍ਰਬੰਧਕ ਹਨ। ਇਹ ਕਰਮਚਾਰੀਆਂ ਦੀ ਚੋਣ, ਸਿਖਲਾਈ, ਤਨਖਾਹ ਆਦਿ ਨਾਲ਼ ਜੁੜੇ ਸਾਰੇ ਮੁੱਦਿਆਂ ਨੂੰ ਸੰਭਾਲ਼ਦੇ ਹਨ।

ਰੇਲਵੇ ਪ੍ਰੋਟੈਕਸ਼ਨ ਫੋਰਸ ਵਿੱਚ ਸਹਾਇਕ ਸੁਰੱਖਿਆ ਕਮਿਸ਼ਨਰ: ਇਹ ਅਧਿਕਾਰੀ ਰੇਲਵੇ ਪੁਲਿਸ ਫੋਰਸ ਦਾ ਪ੍ਰਬੰਧਨ ਕਰਦੇ ਹਨ, ਜਿਸ ਨੂੰ ਰੇਲਵੇ ਦੇ ਉਪਕਰਣਾਂ ਅਤੇ ਗਾਹਕਾਂ ਦੀ ਸੁਰੱਖਿਆ ਦਾ ਪ੍ਰਬੰਧ ਸੌਂਪਿਆ ਜਾਂਦਾ ਹੈ।

ਭਾਰਤੀ ਰੱਖਿਆ ਅਸਟੇਟ ਸੇਵਾ (IDS): ਆਈ.ਡੀ.ਐੱਸ. ਅਧਿਕਾਰੀ ਦੇਸ਼ ਭਰ ਦੀਆਂ ਛਾਉਣੀਆਂ ਵਿੱਚ ਮੁੱਖ ਕਾਰਜਕਾਰੀ ਅਧਿਕਾਰੀ ਨਿਯੁਕਤ ਕੀਤੇ ਜਾਂਦੇ ਹਨ।

ਭਾਰਤੀ ਜਾਣਕਾਰੀ ਸੇਵਾ (ਜੂਨੀਅਰ ਗ੍ਰੇਡ): ਆਈ.ਆਈ.ਐੱਸ. ਸੇਵਾਵਾਂ ਸਰਕਾਰ ਲਈ ਸੰਗਠਿਤ ਮੀਡੀਆ ਅਤੇ ਲੋਕ ਸੰਪਰਕ ਕਾਰਜਾਂ ਨੂੰ ਸੰਭਾਲ਼ਦੀਆਂ ਹਨ। ਇਸ ਤੋਂ ਇਲਾਵਾ ਉਹ ਵੱਖ-ਵੱਖ ਨੀਤੀਗਤ ਉਪਾਵਾਂ ਪ੍ਰਤੀ ਜਨਤਕ ਪ੍ਰਤੀਕ੍ਰਿਆਵਾਂ ਬਾਰੇ ਸਰਕਾਰ ਨੂੰ ਫੀਡਬੈਕ ਵੀ ਦਿੰਦੇ ਹਨ।

ਭਾਰਤੀ ਵਪਾਰ ਸੇਵਾ, ਗਰੁੱਪ 'ਏ' (ਗ੍ਰੇਡ III): ਆਈ.ਟੀ.ਐੱਸ. ਅਧਿਕਾਰੀ ਅੰਤਰਰਾਸ਼ਟਰੀ ਵਪਾਰ ਅਤੇ ਵਣਜ ਦੇ ਵੱਖ-ਵੱਖ ਪਹਿਲੂਆਂ ਦਾ ਪ੍ਰਬੰਧਨ ਕਰਦੇ ਹਨ।

ਆਰਮਡ ਫੋਰਸਿਜ ਹੈਡਕੁਆਟਰ ਸਿਵਲ ਸਰਵਿਸ (ਸੈਕਸਨ ਅਫਸਰ ਗ੍ਰੇਡ): ਇਹ ਅਧਿਕਾਰੀ ਨੇਵੀ, ਆਰਮੀ ਅਤੇ ਏਅਰ ਫੋਰਸ ਦੇ ਮੁੱਖ ਦਫ਼ਤਰ ਵਿੱਚ ਤੈਨਾਤ ਹੁੰਦੇ ਹਨ। ਇਹਨਾਂ ਨੂੰ ਸਿਰਫ ਪ੍ਰਬੰਧਕੀ ਕਾਰਜ ਕਰਨ ਦੀ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ।

ਇਸੇ ਤਰ੍ਹਾਂ ਕਈ ਹੋਰ ਪ੍ਰਸ਼ਾਸਨਿਕ ਸੇਵਾਵਾਂ ਇਸ ਪਰੀਖਿਆ ਅਧੀਨ ਆਉਂਦੀਆਂ ਹਨ।

## ਭਵਿੱਖ ਦੀਆਂ ਸੰਭਾਵਨਾਵਾਂ:

ਸਿਵਲ ਸੇਵਾਵਾਂ ਵਿੱਚ ਸੀਨੀਆਰਤਾ 'ਤੇ ਅਧਾਰਿਤ ਪ੍ਰਮੋਸਨ ਸੁਨਿਸ਼ਚਿਤ ਹੁੰਦੀ ਹੈ।ਪਰ ਕਿਸੇ ਪ੍ਰਮੁੱਖ ਅਹੁਦੇ ਜਿਵੇਂ ਸਕੱਤਰ ਅਤੇ ਡਿਪਟੀ ਸਕੱਤਰ ਤੱਕ ਪਹੁੰਚਣ ਲਈ ਕਿਸਮਤ ਅਤੇ ਵਾਧੂ ਪ੍ਰਤਿਭਾ ਦੀ ਜ਼ਰੂਰਤ ਪੈਂਦੀ ਹੈ। ਪ੍ਰਮੋਸ਼ਨ ਲਈ ਬਹੁਤ ਕੁੱਝ ਤੁਹਾਡੇ ਹਾਸਲ ਕੀਤੇ ਸਨਮਾਨ ਪੱਤਰਾਂ, ਸੀਨੀਆਰਤਾ ਅਤੇ ਪ੍ਰਬੰਧਕੀ ਹੁਨਰਾਂ 'ਤੇ ਵੀ ਨਿਰਭਰ ਕਰਦਾ ਹੈ।

ਵਧੇਰੇ ਜਾਣਕਾਰੀ ਲਈ ਹੇਠ ਲਿਖੀਆਂ ਵੈੱਬਸਾਈਟਾਂ 'ਤੇ ਵਿਜ਼ਿਟ ਕੀਤਾ ਜਾ ਸਕਦਾ ਹੈ:

- https://upsc.gov.in
- https://ppsc.gov.in

*(Source – Competition Refresher, Bright's Career, After +2 and Beyond)*

# ਹੋਟਲ ਮੈਨੇਜਮੈਂਟ

ਬਹੁਤ ਸਾਰੇ ਲੋਕ ਕੰਮ ,ਆਰਾਮ ਅਤੇ ਘਰ ਤੋਂ ਬਾਹਰ ਚੰਗਾ ਸਮਾਂ ਬਿਤਾਉਣ ਲਈ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਂਦੇ ਹਨ । ਇਸ ਯਾਤਰਾ ਦੌਰਾਨ ਉਹਨਾਂ ਨੂੰ ਹੋਟਲਾਂ ਅਤੇ ਆਰਾਮ ਘਰਾਂ ਦੀ ਜ਼ਰੂਰਤ ਪੈਂਦੀ ਹੈ । ਹੋਟਲ ਇਹਨਾਂ ਲੋਕਾਂ ਲਈ ਸਿਰਫ ਆਰਾਮ ਦਾਇਕ ਕਮਰੇ ਹੀ ਮੁਹੱਈਆ ਨਹੀਂ ਕਰਵਾਉਂਦਾ ਸਗੋਂ ਸਵਾਦਲਾ ਭੋਜਨ ਅਤੇ ਹੋਰ ਦਿਲਖਿਚਵੀਆਂ ਸੇਵਾਵਾਂ ਵੀ ਦਿੰਦੇ ਹਨ । ਇਸ ਲਈ ਜੇਕਰ ਤੁਸੀਂ ਇੱਕ ਅਜਿਹਾ ਕਿੱਤਾ ਚੁਣਨਾ ਚਾਹੁੰਦੇ ਹੋ ਜਿਸ ਵਿੱਚ ਛੁੱਟੀਆਂ ਵਰਗਾ ਆਨੰਦ ਮਿਲੇ ਤਾਂ ਹੋਟਲ ਮੈਨੇਜਮੈਂਟ ਤੁਹਾਡੇ ਲਈ ਇੱਕ ਬਿਹਤਰ ਕਿੱਤਾ ਹੈ । ਇਸ ਦੇ ਨਾਲ਼ ਤੁਹਾਨੂੰ ਅਨੰਦ ਭਰਪੂਰ ਵਾਤਾਵਰਣ ਵਿੱਚ ਕੰਮ ਕਰਨ ਦਾ, ਵੱਖ-ਵੱਖ ਤਰ੍ਹਾਂ ਦੇ ਦਿਲਖਿੱਚਵੇਂ ਅਤੇ ਸਵਾਦਲੇ ਭੋਜਨ ਅਤੇ ਨਵੇਂ-ਨਵੇਂ ਲੋਕਾਂ ਨੂੰ ਮਿਲਣ ਦਾ ਮੌਕਾ ਵੀ ਮਿਲਦਾ ਹੈ । ਕਈ ਵਾਰ ਮਹੱਤਵਪੂਰਣ ਸਖਸ਼ੀਅਤਾਂ ਨਾਲ਼ ਵੀ ਤੁਹਾਡਾ ਆਹਮਣਾ-ਸਾਹਮਣਾ ਹੋ ਸਕਦਾ ਹੈ ।

ਹੋਟਲ ਮੈਨੇਜਮੈਂਟ ਇੱਕ ਬਹੁਤ ਹੀ ਮਨਭਾਉਂਦਾ ਅਤੇ ਚੁਣੌਤੀ ਭਰਪੂਰ ਕੰਮ ਹੈ । ਇਹ ਸਾਨੂੰ ਬਹੁਤ ਸਾਰੀਆਂ ਨੌਕਰੀਆਂ ਅਤੇ ਕੈਰੀਅਰ ਦੇ ਮੌਕੇ ਦਿੰਦਾ ਹੈ । ਇਸ ਖੇਤਰ ਵਿੱਚ ਸਾਨੂੰ ਅਲੱਗ-ਅਲੱਗ ਮਨਭਾਉਂਦੀਆਂ ਥਾਵਾਂ ਉੱਤੇ ਵੀ ਕੰਮ ਕਰਨ ਦਾ ਮੌਕਾ ਮਿਲਦਾ ਹੈ । ਜੇਕਰ ਤੁਸੀਂ ਨਵੇਂ-ਨਵੇਂ ਲੋਕਾਂ ਨਾਲ਼ ਮਿਲਣਾ ਅਤੇ ਇਸ ਤਰਾਂ ਦਾ ਕਿੱਤਾ ਅਪਨਾਉਣਾ ਚਾਹੁੰਦੇ ਹੋ ਜਿਸ ਵਿੱਚ ਚੁਣੌਤੀਆਂ, ਵੱਖਰਾਪਨ, ਅੱਗੇ ਵਧਣ ਦੇ ਮੌਕੇ ਅਤੇ ਅਨੰਦ ਭਰਪੂਰ ਵਾਤਾਵਰਨ ਹੋਵੇ ਤਾਂ ਤੁਸੀਂ ਹੋਟਲ ਮੈਨੇਜਮੈਂਟ ਨੂੰ ਆਪਣੇ ਕੈਰੀਅਰ ਵੱਜੋਂ ਅਪਣਾ ਸਕਦੇ ਹੋ । ਹੋਟਲ ਮੈਨੇਜਮੈਂਟ ਬਹੁਤ ਸਾਰੀਆਂ ਤਕਨੀਕਾਂ ਦਾ ਸੁਮੇਲ ਹੈ । ਇਸ ਲਈ ਤੁਹਾਨੂੰ ਪ੍ਰਬੰਧਨ ਕਰਨਾ, ਖਾਣ-ਪੀਣ ਦੀਆਂ ਸੇਵਾਵਾਂ ਦੇਣੀਆਂ, ਖ਼ਰੀਦਣਾ ਅਤੇ ਬਾਜ਼ਾਰੀਕਰਣ, ਦਫ਼ਤਰੀ ਕੰਮ ਅਤੇ ਲੇਖਾ-ਜੋਖਾ (ਹਿਸਾਬ-ਕਿਤਾਬ) ਕਰਨਾ ਵੀ ਆਉਣਾ ਚਾਹੀਦਾ ਹੈ ।

## ਹੋਟਲ ਮੈਨੇਜਮੈਂਟ ਦਾ ਦਾਇਰਾ:

ਅੱਜ ਦੇ ਯੁੱਗ ਵਿੱਚ ਹਰ ਵਪਾਰਿਕ ਕੰਪਨੀ ਅੰਤਰ ਰਾਸ਼ਟਰੀ ਬਾਜ਼ਾਰ ਵਿੱਚ ਆਪਣੇ ਉਤਪਾਦ ਵੇਚਣਾ ਚਾਹੁੰਦੀ ਹੈ। ਭਾਰਤੀ ਮੂਲ ਦੇ ਲੋਕੀ ਦੁਨੀਆ ਦੇ ਹਰ ਕੋਨੇ ਵਿੱਚ ਫੈਲੇ ਹੋਏ ਹਨ, ਉਹ ਭਾਰਤੀ ਭੋਜਨ ਹੀ ਖਾਣਾ ਪਸੰਦ ਕਰਦੇ ਹਨ। ਭਾਰਤੀ ਮਹਿਮਾਨ ਨਵਾਜ਼ੀ ਪੂਰੀ ਦੁਨੀਆ ਵਿੱਚ ਜਾਣੀ ਜਾਂਦੀ ਹੈ । ਇਸ ਲਈ ਹਰ ਅੰਤਰਰਾਸ਼ਟਰੀ ਹੋਟਲ ਜੋ ਭਾਰਤ ਜਾਂ ਬਾਹਰਲੇ ਦੇਸ਼ਾਂ ਵਿੱਚ ਚਲ ਰਹੇ ਹਨ, ਵਿੱਚ ਭਾਰਤੀ ਹੋਟਲ ਮੈਨੇਜ਼ਰਾਂ ਦੀ ਭਾਰੀ ਮੰਗ ਹੈ ਅਤੇ ਇਹ ਮੰਗ ਦਿਨ ਪ੍ਰਤੀਦਿਨ ਵੱਧ ਰਹੀ ਹੈ ।

## ਯੋਗਤਾਵਾਂ :

ਹੋਟਲ ਮੈਨੇਜਮੈਂਟ ਵਿੱਚ ਡਿਗਰੀ ਕਰਨ ਲਈ 10+2 ਪਾਸ ਉਮੀਦਵਾਰ ਹੀ ਯੋਗ ਮੰਨਿਆ ਜਾਂਦਾ ਹੈ । ਪਰ ਕਈ ਸ਼ਾਰਟ ਟਰਮ ਕੋਰਸਾਂ ਲਈ ਦਸਵੀਂ ਪਾਸ ਬਿਨੈਕਾਰ ਨੂੰ ਵੀ ਦਾਖ਼ਲਾ ਦਿੱਤਾ ਜਾ ਸਕਦਾ ਹੈ ਅਤੇ ਇਸ ਕਿੱਤੇ ਵਿੱਚ ਆਉਣ ਲਈ ਸੁਨਹਿਰੀ ਮੌਕਾ ਮਿਲ ਜਾਂਦਾ ਹੈ ।

**ਪ੍ਰਮੁੱਖ ਕੰਪਨੀਆਂ:** ਹੋਟਲ ਮੈਨੇਜਮੈਂਟ ਵਿੱਚ ਭਾਰਤ ਦੇ ਪ੍ਰਮੁੱਖ ਹੋਟਲ ਚੇਨ ਗਰੁੱਪ ਇਸ ਤਰ੍ਹਾਂ ਹਨ:

- Ambassador Group of Hotels
- Mansingh Group of Hotels
- Oberoi Group of Hotels
- Peerless Group of Hotels
- Sarovar Park Group of Hotels
- Sinclairs Group of Hotels
- Best Western Group of Hotels
- Casino Group of Hotels
- Clarks Group of Hotels
- Fortune Park Group of Hotels
- ITDC Group of Hotels
- Jaypee Group of Hotels
- K Raheja Group of Hotels
- Le Meridien Group of Hotels
- Taj Group of Hotels
- Tulip Star Group of Hotels
- Welcome Heritage Group of Hotels
- Holiday Inn Group of Hotels
- HRH Group of Hotels
- ITC Group of Hotels

## ਡਿਗਰੀ ਕੋਰਸ ਕਰਵਾਉਣ ਵਾਲੀਆਂ ਸੰਸਥਾਵਾਂ:

ਭਾਰਤ ਦੀਆਂ ਪ੍ਰਮੁੱਖ ਸੰਸਥਾਵਾਂ:

- ਡਾ.ਅੰਬੇਦਕਰ ਇੰਸਟੀਟਿਊਟ ਆੱਫ਼ ਹੋਟਲ ਮੈਨੇਜਮੈਂਟ, ਚੰਡੀਗੜ੍ਹ
- ਇੰਸਟੀਟਿਊਟ ਆੱਫ਼ ਹੋਟਲ ਮੈਨੇਜਮੈਂਟ, ਜੋਧਪੁਰ
- ਇੰਸਟੀਟਿਊਟ ਆੱਫ਼ ਹੋਟਲ ਮੈਨੇਜਮੈਂਟ, ਕਲਕੱਤਾ
- ਇੰਸਟੀਟਿਊਟ ਆੱਫ਼ ਹੋਟਲ ਮੈਨੇਜਮੈਂਟ, ਲਖਨਊ
- ਇੰਸਟੀਟਿਊਟ ਆੱਫ਼ ਹੋਟਲ ਮੈਨੇਜਮੈਂਟ, ਗਾਂਧੀਨਗਰ
- ਇੰਸਟੀਟਿਊਟ ਆੱਫ਼ ਹੋਟਲ ਮੈਨੇਜਮੈਂਟ, ਬੰਗਲੋਰ
- ਇੰਸਟੀਟਿਊਟ ਆੱਫ਼ ਹੋਟਲ ਮੈਨੇਜਮੈਂਟ, ਭੋਪਾਲ
- ਇੰਸਟੀਟਿਊਟ ਆੱਫ਼ ਹੋਟਲ ਮੈਨੇਜਮੈਂਟ, ਭੁਵਨੇਸਵਰ
- ਇੰਸਟੀਟਿਊਟ ਆੱਫ਼ ਹੋਟਲ ਮੈਨੇਜਮੈਂਟ, ਚੇਨਈ
- ਇੰਸਟੀਟਿਊਟ ਆੱਫ਼ ਹੋਟਲ ਮੈਨੇਜਮੈਂਟ, ਨਵੀਂ ਦਿੱਲੀ
- ਦਿੱਲੀ ਇੰਸਟੀਟਿਊਟ ਆੱਫ਼ ਹੋਟਲ ਮੈਨੇਜਮੈਂਟ, ਨਵੀਂ ਦਿੱਲੀ
- ਇੰਸਟੀਟਿਊਟ ਆੱਫ਼ ਹੋਟਲ ਮੈਨੇਜਮੈਂਟ, ਗੰਗਟੋਕ
- ਇੰਸਟੀਟਿਊਟ ਆੱਫ਼ ਹੋਟਲ ਮੈਨੇਜਮੈਂਟ, ਗੋਆ
- ਇੰਸਟੀਟਿਊਟ ਆੱਫ਼ ਹੋਟਲ ਮੈਨੇਜਮੈਂਟ ਕੈਟਰਿੰਗ ਅਤੇ ਅਪਲਾਇਡ ਨਿਊਟਰੀਸ਼ਿਅਨ, ਦੇਹਰਾਦੂਨ
- ਇੰਸਟੀਟਿਊਟ ਆੱਫ਼ ਹੋਟਲ ਮੈਨੇਜਮੈਂਟ, ਗੁਵਾਹਟੀ

## ਪੰਜਾਬ ਦੀਆਂ ਪ੍ਰਮੁੱਖ ਸੰਸਥਾਵਾਂ:

- ਇੰਸਟੀਟਿਊਟ ਆੱਫ਼ ਹੋਟਲ ਮੈਨੇਜਮੈਂਟ, ਗੁਰਦਾਸਪੁਰ
- ਇੰਸਟੀਟਿਊਟ ਆੱਫ਼ ਹੋਟਲ ਮੈਨੇਜਮੈਂਟ, ਬਠਿੰਡਾ
- ਡਿਪਾਰਟਮੈਂਟ ਆੱਫ਼ ਟੂਰਿਜਮ ਐਂਡ ਹੋਸਪਿਟੈਲਿਟੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
- ਸੀ.ਟੀ. ਇੰਸਟੀਟਿਊਟ ਆੱਫ਼ ਹੋਟਲ ਮੈਨੇਜਮੈਂਟ, ਜਲੰਧਰ
- ਯੂਨੀਵਰਸਿਟੀ ਸਕੂਲ ਆੱਫ਼ ਹੋਟਲ ਮੈਨੇਜਮੈਂਟ ਅਤੇ ਕੈਟਰਿੰਗ ਟੈਕਨਾਲੋਜੀ, ਰਿਆਤ ਬਾਹਰਾ ਯੂਨੀਵਰਸਿਟੀ
- ਪੀ.ਸੀ.ਟੀ.ਈ.ਇੰਸੀਟਿਊਟ ਆੱਫ਼ ਹੋਟਲ ਮੈਨੇਜਮੈਂਟ ਐਂਡ ਕੈਟਰਿੰਗ ਟੈਕਨਾਲੋਜੀ, ਲੁਧਿਆਣਾ
- ਐਲ.ਪੀ.ਯੂ. ਸਕੂਲ ਆੱਫ਼ ਹੋਟਲ ਮੈਨੇਜਮੈਂਟ ਅਤੇ ਟੂਰਿਜਮ
- ਸਕੂਲ ਆੱਫ਼ ਹਾਸਪਿਟੈਲੀਟੀ ਮੈਨੇਜਮੈਂਟ, ਆਰ. ਆਈ.ਐਮ.ਟੀ. ਯੂਨੀਵਰਸਿਟੀ

**ਦਾਖ਼ਲਾ ਵਿਧੀ:** ਹੋਟਲ ਮੈਨੇਜਮੈਂਟ ਦੇ ਡਿਗਰੀ ਕੋਰਸ ਬੀ.ਐੱਸ.ਸੀ. (ਹਾਸਪੀਟੈਲਿਟੀ ਐਂਡ ਹੋਟਲ ਮੈਨੇਜਮੈਂਟ) ਲਈ ਨੈਸ਼ਨਲ ਕੌਂਸਲ ਫਾਰ ਹੋਟਲ ਮੈਨੇਜਮੈਂਟ ਐਂਡ ਕੈਟਰਿੰਗ ਟੈਕਨਾਲੋਜੀ (NCHMCT) ਵੱਲੋਂ JEE ਨਾਮ ਦੀ ਦਾਖ਼ਲਾ ਪਰੀਖਿਆ ਹਰ ਸਾਲ ਲਈ ਜਾਂਦੀ ਹੈ। ਵਧੇਰੇ ਜਾਣਕਾਰੀ ਲਈ NCHMCT ਦੀ ਵੈੱਬਸਾਈਟ https://nchmcounselling.nic.in/ 'ਤੇ ਵਿਜ਼ਿਟ ਕੀਤਾ ਜਾ ਸਕਦਾ ਹੈ।

**ਫ਼ੀਸ:** ਹੋਟਲ ਮੈਨੇਜਮੈਂਟ ਕੋਰਸ ਦੀ ਫ਼ੀਸ ਕਾਲਜ ਦੇ ਦਰਜੇ ਅਤੇ ਪ੍ਰਸਿਧੀ ਦੇ ਆਧਾਰ 'ਤੇ ਲਈ ਜਾਂਦੀ ਹੈ। ਇਹ ਫ਼ੀਸ ਇੱਕੋ ਸ਼ਹਿਰ ਦੇ ਅਲੱਗ-ਅਲੱਗ ਕਾਲਜਾਂ ਵਿੱਚ ਅਲੱਗ-ਅਲੱਗ ਹੋ ਸਕਦੀ ਹੈ।

**ਤਨਖਾਹ:** ਜਿਹੜੇ ਉਮੀਦਵਾਰ ਉੱਚ ਪੱਧਰੀ ਹੋਟਲ ਪ੍ਰਬੰਧਨ ਸੰਸਥਾ ਜਿਵੇਂ ਆਈ.ਐੱਚ.ਐੱਮ. ਵਿੱਚੋਂ ਕੋਰਸ ਕਰ ਕੇ ਆਉਂਦੇ ਹਨ ਉਹਨਾਂ ਨੂੰ 20000/- ਰੁਪਏ ਜਾਂ ਇਸ ਤੋਂ ਵੱਧ ਸ਼ੁਰੂਆਤੀ ਤਨਖਾਹ ਮਿਲਦੀ ਹੈ। ਇਸੇ ਤਰਾਂ ਡਿਪਲੋਮਾ ਜਾਂ ਸਰਟੀਫ਼ਿਕੇਟ ਪ੍ਰੋਗਰਾਮਾਂ ਵਾਲ਼ੇ ਉਮੀਦਵਾਰ 8000/- ਰੁਪਏ ਤੋਂ ਲੈ ਕੇ 10000/- ਰੁਪਏ ਤੱਕ ਤਨਖਾਹ ਲੈ ਸਕਦੇ ਹਨ। ਮਿਹਨਤੀ ਅਤੇ ਤਜ਼ਰਬੇਕਾਰ ਉਮੀਦਵਾਰ ਲਈ ਉੱਚ ਦਰਜੇ ਦੇ ਹੋਟਲਾਂ ਵਿੱਚ ਤਨਖਾਹ ਦੀ ਕੋਈ ਸੀਮਾ ਨਹੀਂ ਹੈ।

ਜ਼ਿਆਦਾਤਰ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਦੌਰਾਨ ਹੀ ਨੌਕਰੀਆਂ ਮਿਲ਼ ਜਾਂਦੀਆਂ ਹਨ ਕਿਉਂਕਿ ਹਰ ਛੋਟੇ ਵੱਡੇ ਹੋਟਲਾਂ ਨੂੰ ਹੋਣਹਾਰ ਹੋਟਲ ਮੈਨੇਜ਼ਰਾਂ ਦੀ ਜ਼ਰੂਰਤ ਹੈ। ਹੋਟਲਾਂ ਤੋਂ ਇਲਾਵਾ ਹਵਾਈ ਜਹਾਜ਼ ਕੰਪਨੀਆਂ, ਰੇਲਵੇ, ਸੁਰੱਖਿਆ ਸੇਵਾਵਾਂ, ਸਮੁੰਦਰੀ ਜਹਾਜ਼ਾਂ, ਹਸਪਤਾਲਾਂ, ਕਾਰਖਾਨਿਆਂ ਦੀਆਂ ਕੰਟੀਨਾਂ ਆਦਿ ਵਿੱਚ ਵੀ ਹੋਟਲ ਮੈਨੇਜ਼ਰਾਂ ਦੀ ਜ਼ਰੂਰਤ ਹੁੰਦੀ ਹੈ।

ਇੱਕ ਤਾਜ਼ਾ ਸਰਵੇਖਣ ਅਨੁਸਾਰ ਭਾਰਤ ਦੁਨੀਆ ਦੇ 184 ਦੇਸ਼ਾਂ ਵਿੱਚੋਂ ਸੈਰ ਸਪਾਟੇ ਦੇ ਖੇਤਰ ਵਿੱਚ 18 ਵੇਂ ਨੰਬਰ 'ਤੇ ਹੈ। ਇਹ ਖੇਤਰ ਭਾਰਤ ਦੀ GDP ਵਿੱਚ ਵੀ ਵਾਧਾ ਕਰਨ ਵਿੱਚ ਅਹਿਮ ਯੋਗਦਾਨ ਦੇ ਰਿਹਾ ਹੈ। ਇਹ ਯੋਗਦਾਨ 2013 ਤੋਂ 2023 ਤੱਕ 7.8 ਪ੍ਰਤੀਸ਼ਤ ਸਲਾਨਾ ਵਧਣ ਦੀ ਉਮੀਦ ਜਤਾਈ ਜਾ ਰਹੀ ਹੈ। ਇਸ ਖੇਤਰ ਵਿੱਚ $ 18,366 ਨਿਵੇਸ਼ ਕਰਨ ਨਾਲ਼ 78 ਹੋਰ ਨੌਕਰੀਆਂ ਪੈਦਾ ਹੋ ਸਕਦੀਆਂ ਹਨ। ਇਹ ਅੰਕੜੇ ਦਰਸਾਉਂਦੇ ਹਨ ਕਿ ਭਾਰਤ ਦਾ ਹੋਟਲ ਮੈਨੇਜ਼ਮੈਂਟ ਦੇ ਖੇਤਰ ਵਿੱਚ ਇੱਕ ਵੱਖਰਾ ਸਥਾਨ ਹੈ ਅਤੇ ਇਸ ਸਥਾਨ ਨੂੰ ਬਣਾਈ ਰੱਖਣ ਲਈ ਯੋਗ ਅਤੇ ਤਜ਼ਰਬੇਕਾਰ ਹੋਟਲ ਮੈਨੇਜ਼ਰਾਂ ਦੀ ਹਮੇਸ਼ਾ ਜ਼ਰੂਰਤ ਰਹੇਗੀ।

*(Source – Jobs & Career News, The Tribune)*

# ਭਾਰਤੀ ਫ਼ੌਜ ਵਿੱਚ ਕੈਰੀਅਰ

ਭਾਰਤੀ ਹਥਿਆਰਬੰਦ ਬਲਾਂ ਵਿੱਚੋਂ ਸਭ ਤੋਂ ਪੁਰਾਣੀ ਅਤੇ ਵੱਡੀ ਬ੍ਰਾਂਚ ਭਾਰਤੀ ਫ਼ੌਜ ਹੈ। ਇਹ ਸੈਨਿਕਾਂ ਨੂੰ ਧਰਤੀ 'ਤੇ ਲੜਾਈ ਕਰਨ ਲਈ ਤਿਆਰ ਕਰਦੀ ਹੈ। ਇਸ ਦੀਆਂ ਕਈ ਸ਼੍ਰੇਣੀਆਂ ਹਨ, ਜਿਸ ਵਿੱਚ ਪੈਦਲ ਦਲ (INFANTRY), ਤੋਪਖਾਨਾ (ARTILLERY) ਅਤੇ ਬਖ਼ਤਰਬੰਦ ਕੋਰ (ARMOURED CORPS) ਆਦਿ ਪ੍ਰਮੁੱਖ ਹਨ। ਇਹਨਾਂ ਬਲਾਂ ਤੋਂ ਇਲਾਵਾ ਇਹਨਾਂ ਦੇ ਸਹਾਇਕ ਦਲਾਂ ਵਜੋਂ ਸਪਲਾਈ ਕੋਰ, ਇੰਜੀਨੀਅਰ, ਆਰਡੀਨੈਂਸ ਸਪਲਾਈ ਕੋਰ, ਮਿਲੀਟਰੀ ਇੰਟੈਲੀਜੈਂਸ ਅਤੇ ਮੈਡੀਕਲ ਸਟਾਫ਼ ਆਦਿ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਭਾਰਤੀ ਫ਼ੌਜ ਦੀ ਅਹਿਮ ਜ਼ਿੰਮੇਵਾਰੀ ਦੇਸ਼ ਦੀਆਂ ਭੂਗੋਲਿਕ ਸੀਮਾਵਾਂ ਦੀ ਸੁਰੱਖਿਆ ਅਤੇ ਯੁੱਧ ਦੇ ਦੌਰਾਨ ਦੁਸ਼ਮਣ ਦੇ ਇਲਾਕਿਆਂ 'ਤੇ ਕਬਜ਼ਾ ਕਰਨਾ ਹੁੰਦਾ ਹੈ।

ਫ਼ੌਜ ਦੀ ਟ੍ਰੇਨਿੰਗ ਰੱਖਿਆਤਮਕ ਅਤੇ ਹਮਲਾਵਰ ਦੋਵੇਂ ਤਰ੍ਹਾਂ ਦੇ ਅੱਪਰੇਸ਼ਨਾਂ ਦੀ ਟ੍ਰੇਨਿੰਗ ਹੁੰਦੀ ਹੈ। ਇਸ ਪ੍ਰਮੁੱਖ ਜ਼ਿੰਮੇਵਾਰੀ ਦੇ ਨਾਲ-ਨਾਲ ਫ਼ੌਜ ਨੂੰ ਸ਼ਾਂਤੀ ਦੇ ਸਮੇਂ ਵੀ ਕੁਦਰਤੀ ਆਪਦਾ, ਵਿਦਰੋਹ ਅਤੇ ਹੋਰ ਅਪਾਤਕਾਲੀਨ ਸਥਿਤੀਆਂ ਵਿੱਚ ਰਾਹਤ ਅਤੇ ਪੁਨਰਵਾਸ ਲਈ ਬੁਲਾਇਆ ਜਾਂਦਾ ਹੈ। ਫ਼ੌਜ ਵਿੱਚ ਕੈਰੀਅਰ ਦੇ ਬਹੁਤ ਸਾਰੇ ਵਿਕਲਪ ਹਨ। ਤੁਹਾਨੂੰ ਆਪਣੀਆਂ ਯੋਗਤਾਵਾਂ ਅਤੇ ਹੁਨਰ ਨੂੰ ਹੋਰ ਵਧਾਉਣ ਦੇ ਜੋ ਮੌਕੇ ਭਾਰਤੀ ਫ਼ੌਜ ਵਿੱਚ ਮਿਲਦੇ ਹਨ, ਉਹ ਹੋਰ ਕਿਸੇ ਕੈਰੀਅਰ ਵਿੱਚ ਨਹੀਂ ਮਿਲ ਸਕਦੇ। ਫ਼ੌਜ ਟੈਕਨੀਕਲ ਅਤੇ ਨਾਨ-ਟੈਕਨੀਕਲ ਦੋਨੋਂ ਬ੍ਰਾਂਚਾਂ ਲਈ ਭਰਤੀ ਕਰਦੀ ਹੈ।

ਭਾਰਤੀ ਫ਼ੌਜ ਨੂੰ ਕੰਮ ਅਤੇ ਜ਼ਿੰਮੇਵਾਰੀਆਂ ਦੇ ਆਧਾਰ 'ਤੇ ਕਈ ਭਾਗਾਂ ਵਿੱਚ ਵੰਡਿਆ ਗਿਆ ਹੈ। ਇਸ ਦੇ ਪ੍ਰਮੁੱਖ ਭਾਗ ਇਸ ਪ੍ਰਕਾਰ ਹਨ:-

ਪੈਦਲ ਦਲ (INFANTRY): ਪੈਦਲ ਦਲ ਉਹ ਫ਼ੌਜ ਹੁੰਦੀ ਹੈ ਜੋ ਪੈਦਲ ਲੜਾਈ ਕਰਦੀ ਹੈ ਅਤੇ ਰਾਇਫ਼ਲ, ਆਟੋਮੈਟਿਕ ਰਾਇਫ਼ਲ, ਮਸ਼ੀਨਗਨ, ਗ੍ਰਨੇਡ, ਟੈਂਕ, ਰਾਕੇਟ ਲਾਂਚਰ ਆਦਿ ਦੀ ਵਰਤੋਂ ਕਰਦੀ ਹੈ। ਇਹਨਾਂ ਹਥਿਆਰਾਂ ਨੂੰ ਦੂਰ ਦੁਰਾਡੇ ਖੇਤਰਾਂ ਵਿੱਚ ਪਹੁੰਚਾਉਣ ਲਈ ਜੀਪਾਂ ਅਤੇ ਹੋਰ ਯਾਤਾਯਾਤ ਸਾਧਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਸਪੈਸ਼ਲ ਕਮਾਂਡੋ ਯੂਨਿਟ ਅਤੇ ਪੈਰਾਟਰੂਪਰਜ਼ ਵੀ ਇਸ ਦਲ ਦਾ ਹਿੱਸਾ ਹੁੰਦੇ ਹਨ। ਪੈਦਲ ਦਲ ਦੇ ਅਫ਼ਸਰਾਂ ਅਤੇ ਫ਼ੌਜ ਨੂੰ ਹਥਿਆਰ ਚਲਾਉਣ ਅਤੇ ਸਾਂਭ-ਸੰਭਾਲ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ।

ਤੋਪਖਾਨਾ (ARTILLERY): ਆਰਟੀਲਰੀਜ਼ ਲੰਮੀ ਦੂਰੀ 'ਤੇ ਮਾਰ ਕਰਨ ਵਾਲੀਆਂ ਬੰਦੂਕਾਂ, ਰਾਕੇਟ ਲਾਂਚਰ ਅਤੇ ਮਿਜ਼ਾਇਲਾਂ ਦੀ ਵਰਤੋਂ ਕਰਦੇ ਹਨ। ਇਹ ਦੋਹਰਾ ਰੋਲ ਅਦਾ ਕਰਦੇ ਹਨ। ਇਹ ਵੱਸੋਂ ਵਾਲੇ ਖੇਤਰਾਂ ਵਿੱਚ ਜਹਾਜ਼ ਵਿਰੋਧੀ ਬੰਦੂਕਾਂ ਅਤੇ ਹਵਾ ਵਿੱਚ ਮਾਰ ਕਰਨ ਵਾਲੀਆਂ ਮਿਜ਼ਾਇਲਾਂ ਆਦਿ ਦੀ ਵਰਤੋਂ ਕਰਕੇ ਡੈਮ, ਹਵਾਈ ਖੇਤਰਾਂ, ਤੇਲ ਦੇ ਭੰਡਾਰਾਂ, ਬਿਜਲੀ ਉਤਪਾਦਨ ਕੇਂਦਰਾਂ ਅਤੇ ਬੰਦਰਗਾਹਾਂ ਆਦਿ ਦੀ ਰੱਖਿਆ ਕਰਦੇ ਹਨ।

ਬਖ਼ਤਰਬੰਦ ਕੋਰ (ARMOURED CORPS): ਬਖ਼ਤਰਬੰਦ ਕੋਰ ਵਿੱਚ ਟੈਂਕ ਅਤੇ ਹੋਰ ਹਥਿਆਰਾਂ ਵਾਲੀਆਂ ਗੱਡੀਆਂ ਹੁੰਦੀਆਂ ਹਨ। ਇਹ ਕੋਰ ਤੇਜ਼ੀ ਨਾਲ ਅੱਗੇ ਵਧਦੀ ਹੈ ਅਤੇ ਪੈਦਲ ਦਲ ਨਾਲ ਮਿਲ ਕੇ ਦੁਸ਼ਮਣ ਦੇ ਇਲਾਕਿਆਂ ਨੂੰ ਆਪਣੇ ਅਧਿਕਾਰ ਵਿੱਚ ਲੈ ਲੈਂਦੀ ਹੈ। ਬਖ਼ਤਰਬੰਦ ਕੋਰ ਫ਼ੌਜ ਦੀ ਸਭ ਤੋਂ ਵੱਧ ਮਾਣਮੱਤੀ ਕੋਰ ਹੈ।

ਇਹਨਾਂ ਤੋਂ ਇਲਾਵਾ ਇੰਜੀਨੀਅਰਜ਼, ਸਿਗਨਲਜ਼, ਆਰਮੀ ਸੇਵਾ ਕੋਰ, ਆਰਡੀਨੈਂਸ ਕੋਰ, ਆਰਮੀ ਮੈਡੀਕਲ ਕੋਰ, ਨਰਸਿੰਗ ਸੇਵਾ, ਐਜੂਕੇਸ਼ਨ ਕੋਰ, ਪੋਸਟਲ ਸੇਵਾ, ਜੱਜ ਐਡਵੋਕੇਟ ਜਨਰਲ, ਵੈਟਨਰੀ ਕੋਰ ਆਦਿ ਵੀ ਫ਼ੌਜ ਦੇ ਕੰਮ ਕਾਜ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਆਪਣਾ ਅਹਿਮ ਯੋਗਦਾਨ ਪਾਉਂਦੀਆਂ ਹਨ।

## ਭਾਰਤੀ ਫ਼ੌਜ ਵਿੱਚ ਭਰਤੀ ਦੇ ਤਰੀਕੇ:

ਤੁਹਾਡੀ ਉਮਰ ਅਤੇ ਵਿੱਦਿਅਕ ਯੋਗਤਾ ਦੇ ਆਧਾਰ ‘ਤੇ ਫ਼ੌਜ ਵਿੱਚ ਭਰਤੀ ਦੇ ਕਈ ਤਰੀਕੇ ਹਨ। ਇਹਨਾਂ ਵਿੱਚੋਂ 10+2 ਤੋਂ ਬਾਅਦ ਆੱਫ਼ੀਸਰ ਪੱਧਰ ਦੀ ਸਿੱਧੀ ਭਰਤੀ ਅਤੇ ਸਿਪਾਹੀ ਭਰਤੀ ਪ੍ਰਮੁੱਖ ਹਨ।

**10+2 ਤੋਂ ਬਾਅਦ ਬਤੌਰ ਅਧਿਕਾਰੀ ਸਿੱਧੀ ਭਰਤੀ: 1. ਰਾਸ਼ਟਰੀ ਰੱਖਿਆ ਅਕੈਡਮੀ (NDA):** ਐੱਨ.ਡੀ.ਏ. ਵਿੱਚ ਤਿੰਨ ਸਾਲ ਦੀ ਟ੍ਰੇਨਿੰਗ ਖੜਕਵਾਸਲਾ (ਪੂਨੇ) ਵਿਖੇ ਕਰਵਾਈ ਜਾਂਦੀ ਹੈ। ਇਸ ਤੋਂ ਬਾਅਦ ਇੱਕ ਹੋਰ ਸਾਲ ਦੀ ਟ੍ਰੇਨਿੰਗ ਭਾਰਤੀ ਫ਼ੌਜ ਅਕੈਡਮੀ (IMA), ਦੇਹਰਾਦੂਨ ਵਿੱਖੇ ਕਰਵਾਈ ਜਾਂਦੀ ਹੈ। ਐੱਨ.ਡੀ.ਏ. ਦੀ ਪਰੀਖਿਆ ਵਿੱਚ ਭਾਗ ਲੈਣ ਵਾਲ਼ੇ ਉਮੀਦਵਾਰ ਦੀ ਉਮਰ ਸੀਮਾ 16.5 ਸਾਲ ਤੋਂ 19.5 ਸਾਲ ਹੋਣੀ ਚਾਹੀਦੀ ਹੈ ਅਤੇ ਵਿੱਦਿਅਕ ਯੋਗਤਾ 10+2 ਹੋਣੀ ਲਾਜ਼ਮੀ ਹੈ। 10+2 ਦੀ ਪਰੀਖਿਆ ਵਿੱਚ ਬੈਠਣ ਵਾਲ਼ੇ ਵਿਦਿਆਰਥੀ ਵੀ ਇਸ ਪਰੀਖਿਆ ਵਿੱਚ ਬੈਠ ਸਕਦੇ ਹਨ। ਹਵਾਈ ਸੈਨਾ ਅਤੇ ਜਲ ਸੈਨਾ ਵਿੱਚ ਜਾਣ ਵਾਲ਼ੇ ਉਮੀਦਵਾਰਾਂ ਲਈ 10+2 ਵਿੱਚ ਫਿਜਿਕਸ, ਕੈਮਿਸਟਰੀ ਅਤੇ ਗਣਿਤ ਦੀ ਪੜ੍ਹਾਈ ਕਰਨਾ ਜ਼ਰੂਰੀ ਹੈ ਪਰ ਫ਼ੌਜ ਵਿੱਚ ਜਾਣ ਲਈ ਵਿਸ਼ਿਆਂ ਦੀ ਅਜਿਹੀ ਕੋਈ ਪਾਬੰਦੀ ਨਹੀਂ ਹੈ। ਇਹ ਕੋਰਸ ਹਰ ਸਾਲ ਦੋ ਵਾਰ ਸ਼ੁਰੂ ਹੁੰਦਾ ਹੈ – ਜਨਵਰੀ (ਇਸ ਲਈ ਨਵੰਬਰ ਮਹੀਨੇ ਵਿੱਚ ਅਪਲਾਈ ਕੀਤਾ ਜਾਂਦਾ ਹੈ) ਅਤੇ ਜੁਲਾਈ (ਇਸ ਲਈ ਅਪ੍ਰੈਲ ਮਹੀਨੇ ਵਿੱਚ ਅਪਲਾਈ ਕੀਤਾ ਜਾਂਦਾ ਹੈ) ਵਿੱਚ। ਇਸ ਟ੍ਰੇਨਿੰਗ ਦੌਰਾਨ ਉਮੀਦਵਾਰ ਨੂੰ 8000/- ਰੁਪਏ ਪ੍ਰਤੀ ਮਹੀਨਾ ਵਜੀਫ਼ਾ ਦਿੱਤਾ ਜਾਂਦਾ ਹੈ। ਤਿੰਨ ਸਾਲਾਂ ਦੀ ਟ੍ਰੇਨਿੰਗ ਖਤਮ ਹੋਣ ਤੋਂ ਬਾਅਦ ਉਮੀਦਵਾਰ ਨੂੰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਤੋਂ ਬੀ.ਏ./ਬੀ.ਐੱਸ.ਸੀ. ਦੀ ਡਿਗਰੀ ਦਿੱਤੀ ਜਾਂਦੀ ਹੈ।

**2. 10+2 ਤਕਨੀਕੀ ਪ੍ਰਵੇਸ਼ ਸਕੀਮ (TES 10+2):** ਇਸ ਲਈ ਤੁਹਾਨੂੰ ਆੱਫ਼ੀਸਰਜ਼ ਟ੍ਰੇਨਿੰਗ ਅਕਾਦਮੀ (OTA), ਗਯਾ ਵਿੱਖੇ ਇੱਕ ਸਾਲ ਦੀ ਟ੍ਰੇਨਿੰਗ ਕਰਨੀ ਪੈਂਦੀ ਹੈ ਅਤੇ ਇਸ ਤੋਂ ਬਾਅਦ 4 ਸਾਲਾਂ ਦੀ ਅਗਲੀ ਟ੍ਰੇਨਿੰਗ ਕੈਡਿਟ ਟ੍ਰੇਨਿੰਗ ਵਿੰਗ (CTW), ਪੂਨੇ/ਮਹੂ/ਸਿਕੰਦਰਾਬਾਦ ਵਿੱਖੇ ਕਰਵਾਈ ਜਾਂਦੀ ਹੈ। ਇਸ ਲਈ ਉਮਰ ਸੀਮਾ 16.5 ਤੋਂ 19.5 ਸਾਲ ਹੈ ਅਤੇ ਵਿੱਦਿਅਕ ਯੋਗਤਾ 10+2 ਫਿਜ਼ਿਕਸ, ਕੈਮਿਸਟੀ ਅਤੇ ਗਣਿਤ ਵਿਸ਼ਿਆਂ ਨਾਲ਼ ਘੱਟੋ ਘੱਟ 70% ਅੰਕਾਂ ਨਾਲ਼ ਪਾਸ ਕੀਤੀ ਹੋਣੀ ਲਾਜ਼ਮੀ ਹੈ। ਇਹ ਕੋਰਸ ਹਰ ਸਾਲ ਦੋ ਵਾਰ ਸ਼ੁਰੂ ਹੁੰਦਾ ਹੈ – ਜਨਵਰੀ (ਇਸ ਲਈ ਨਵੰਬਰ ਮਹੀਨੇ ਵਿੱਚ ਅਪਲਾਈ ਕੀਤਾ ਜਾਂਦਾ ਹੈ) ਅਤੇ ਜੁਲਾਈ (ਇਸ ਲਈ ਜੂਨ ਮਹੀਨੇ ਵਿੱਚ ਅਪਲਾਈ ਕੀਤਾ ਜਾਂਦਾ ਹੈ) ਵਿੱਚ ਇਸ ਟ੍ਰੇਨਿੰਗ ਦੌਰਾਨ ਉਮੀਦਵਾਰ ਨੂੰ 8000/- ਰੁਪਏ ਪ੍ਰਤੀ ਮਹੀਨਾ ਵਜੀਫ਼ਾ ਦਿੱਤਾ ਜਾਂਦਾ ਹੈ। ਚਾਰ ਸਾਲਾਂ ਦੀ ਟ੍ਰੇਨਿੰਗ ਖ਼ਤਮ ਹੋਣ ਤੋਂ ਬਾਅਦ ਉਮੀਦਵਾਰ ਨੂੰ ਜਵਾਹਰ ਲਾਲ ਨਹਿਰੂ ਯੂਨਿਵਰਸਿਟੀ ਤੋਂ ਬੀ.ਟੈੱਕ. ਦੀ ਡਿਗਰੀ ਦਿੱਤੀ ਜਾਂਦੀ ਹੈ।

**ਤਨਖਾਹ:** ਭਾਰਤੀ ਫ਼ੌਜ ਅਧਿਕਾਰੀਆਂ ਨੂੰ ਮਨਭਾਉਂਦੀਆਂ ਤਨਖਾਹਾਂ ਅਤੇ ਵਧੀਆ ਜੀਵਨਸ਼ੈਲੀ ਪ੍ਰਦਾਨ ਕਰਦੀਆਂ ਹਨ। ਅਧਿਕਾਰੀਆਂ ਦੀਆਂ ਤਨਖਾਹਾਂ ਉਹਨਾਂ ਦੇ ਅਹੁਦੇ ਅਤੇ ਤੈਨਾਤੀ ਦੀ ਜਗ੍ਹਾ ਦੇ ਆਧਾਰ 'ਤੇ ਦਿੱਤੀ ਜਾਂਦੀ ਹੈ।

**ਚੋਣ ਵਿਧੀ:** ਐੱਨ.ਡੀ.ਏ. ਦੀ ਚੋਣ ਵਿਧੀ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ।

(I). ਲਿਖਤੀ ਪਰੀਖਿਆ (ਸੰਘ ਲੋਕ ਸੇਵਾ ਆਯੋਗ ਦੁਆਰਾ)। ਇਸ ਪਰੀਖਿਆ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ :

ਪੇਪਰ-1 (ਗਣਿਤ) 300 ਅੰਕ ਸਮਾਂ 2.30 ਘੰਟੇ।

ਪੇਪਰ-2 (ਆਮ ਯੋਗਤਾ ਪਰੀਖਿਆ - GAT) 600 ਅੰਕ ਸਮਾਂ 2.30 ਘੰਟੇ।

(II). ਸਰਵਿਸ ਸਿਲੈਕਸਨ ਬੋਰਡ (SSB) ਇੰਟਰਵਿਊ

(III). ਮੈਡੀਕਲ ਬੋਰਡ *(ਵਧੇਰੇ ਜਾਣਕਾਰੀ ਲਈ https://upsc.gov.in ਵੈੱਬਸਾਈਟ ’ਤੇ ਵਿਜ਼ਿਟ ਕੀਤਾ ਜਾ ਸਕਦਾ ਹੈ।)*

# ਫ਼ੌਜ ਵਿੱਚ ਬਤੌਰ ਸਿਪਾਹੀ ਵਜੋਂ ਭਰਤੀ :

ਭਾਰਤੀ ਫ਼ੌਜ ਦੇ ਸਿਪਾਹੀ ਦੀ ਜ਼ਿੰਦਗੀ ਬਹੁਤ ਹੀ ਮਾਣ ਅਤੇ ਸਤਿਕਾਰ ਵਾਲ਼ੀ ਹੈ। ਭਾਰਤੀ ਫ਼ੌਜ ਵਿੱਚ ਕਿਸੇ ਵੀ ਜਾਤ, ਮਜ਼੍ਹਬ ਅਤੇ ਜਮਾਤ ਦਾ ਉਮੀਦਵਾਰ ਨੌਕਰੀ ਹਾਸਲ ਕਰ ਸਕਦਾ ਹੈ। ਹਰ ਤਰ੍ਹਾਂ ਦੀ ਭਰਤੀ ਲਈ ਅਲੱਗ ਅਲੱਗ ਵਿੱਦਿਅਕ ਯੋਗਤਾਵਾਂ ਅਤੇ ਮਾਪਦੰਡ ਨਿਰਧਾਰਿਤ ਕੀਤੇ ਗਏ ਹਨ। ਭਾਰਤੀ ਫ਼ੌਜ ਵਿੱਚ ਬਤੌਰ ਸਿਪਾਹੀ ਮੁੱਖ ਰੂਪ ਵਿੱਚ ਹੇਠ ਲਿਖੇ ਤਰੀਕਿਆਂ ਨਾਲ਼ ਪ੍ਰਵੇਸ਼ ਕੀਤਾ ਜਾ ਸਕਦਾ ਹੈ :

## 1.ਸਿਪਾਹੀ (ਜਨਰਲ ਡਿਊਟੀ GD):

ਵਿੱਦਿਅਕ ਯੋਗਤਾ: ਦਸਵੀਂ ਜਮਾਤ ਵਿੱਚ 45% ਅੰਕ ਜਾਂ 10+2 ਪਾਸ

ਉਮਰ ਸੀਮਾ: 17.5 ਤੋਂ 21 ਸਾਲ

ਸਰੀਰਕ ਮਾਪਦੰਡ: ਉਚਾਈ 170 ਸੈ.ਮੀ. ਛਾਤੀ 77-82 ਸੈਂ.ਮੀ. ਭਾਰ 50 ਕਿ.ਗ੍ਰਾ

ਚੋਣ ਵਿਧੀ: (ੳ) ਸਰੀਰਿਕ ਯੋਗਤਾ ਟੈਸਟ ਵਿੱਚ ਇੱਕ ਮੀਲ ਦੌੜ-60 ਅੰਕ, 5.40 ਮਿੰਟਾਂ ਵਿੱਚ ਅਤੇ 10 ਡੰਡ-40 ਅੰਕ

(ਅ) ਲਿਖਤੀ ਟੈਸਟ-100 ਅੰਕ (ਮਾਨਸਿਕ ਯੋਗਤਾ, ਗਣਿਤ, ਵਿਗਿਆਨ ਅਤੇ ਆਮ ਗਿਆਨ)

ਇਹ ਪਰੀਖਿਆ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਵਿੱਚ ਲਈ ਜਾਂਦੀ ਹੈ।

## 2. ਸਿਪਾਹੀ ਟੈਕਨੀਕਲ:

ਵਿੱਦਿਅਕ ਯੋਗਤਾ: 10+2 ਪਾਸ (ਗਣਿਤ, ਫਿਜ਼ਿਕਸ, ਕੈਮਿਸਟੀ ਅਤੇ ਅੰਗਰੇਜੀ ਵਿਸ਼ਿਆਂ ਵਿੱਚ ਕੁੱਲ 50% ਅੰਕਾਂ ਨਾਲ਼ ਅਤੇ ਹਰੇਕ ਵਿਸ਼ੇ ਵਿੱਚ ਘੱਟੋ ਘੱਟ 40% ਅੰਕ ਪ੍ਰਾਪਤ ਕੀਤੇ ਹੋਣ)

ਉਮਰ ਸੀਮਾ: 17.5 ਤੋਂ 23 ਸਾਲ

ਸਰੀਰਕ ਮਾਪਦੰਡ: ਉਚਾਈ 170 ਸੈ.ਮੀ. ਛਾਤੀ 77-82 ਸੈ.ਮੀ. ਭਾਰ 50 ਕਿ.ਗ੍ਰਾ

ਚੋਣ ਵਿਧੀ: (ੳ) ਸਰੀਰਿਕ ਯੋਗਤਾ ਟੈਸਟ ਵਿੱਚ ਇੱਕ ਮੀਲ ਦੌੜ-60 ਅੰਕ, 5.40 ਮਿੰਟਾਂ ਵਿੱਚ ਅਤੇ 10 ਡੰਡ-40 ਅੰਕ

ਲਿਖਤੀ ਟੈਸਟ: ਪੇਪਰ-1 ਸਾਰੀਆਂ ਸ਼੍ਰੇਣੀਆਂ ਦੀ ਸਾਂਝੀ ਪਰੀਖਿਆ

ਪੇਪਰ-2 ਇਹ ਪੇਪਰ ਸਿਪਾਹੀ ਟੈਕਨੀਕਲ/ ਕਲਰਕ/ ਸਟੋਰਕੀਪਰ/ ਨਰਸਿੰਗ ਸਹਾਇਕਾਂ ਲਈ ਅਲੱਗ-ਅਲੱਗ ਹੁੰਦਾ ਹੈ।

## 3. ਕਲਰਕ:

ਵਿੱਦਿਅਕ ਯੋਗਤਾ: 10+2 ਪਾਸ (ਗਣਿਤ, ਫਿਜ਼ਿਕਸ, ਕੈਮਿਸਟਰੀ ਅਤੇ ਅੰਗਰੇਜ਼ੀ ਵਿਸ਼ਿਆਂ ਵਿੱਚ ਕੁੱਲ 50% ਅੰਕਾਂ ਨਾਲ਼ ਅਤੇ ਹਰੇਕ ਵਿਸ਼ੇ ਵਿੱਚ ਘੱਟੋ ਘੱਟ 40% ਅੰਕ ਪ੍ਰਾਪਤ ਕੀਤੇ ਹੋਣ)

ਉਮਰ ਸੀਮਾ: 17.5 ਤੋਂ 23 ਸਾਲ

ਸਰੀਰਕ ਮਾਪਦੰਡ: ਉਚਾਈ 162 ਸੈ.ਮੀ. ਛਾਤੀ 77-82 ਸੈ.ਮੀ. ਭਾਰ 50 ਕਿ.ਗ੍ਰਾ

ਚੋਣ ਵਿਧੀ: (ੳ) ਸਰੀਰਕ ਯੋਗਤਾ ਟੈਸਟ ਵਿੱਚ ਇੱਕ ਮੀਲ ਦੌੜ-60 ਅੰਕ, 5.40 ਮਿੰਟਾਂ ਵਿੱਚ ਅਤੇ 10 ਡੰਡ-40 ਅੰਕ

ਲਿਖਤੀ ਟੈਸਟ : ਪੇਪਰ-1 ਸਾਰੀਆਂ ਸ਼੍ਰੇਣੀਆਂ ਦੀ ਸਾਂਝੀ ਪਰੀਖਿਆ

ਪੇਪਰ-2 ਇਹ ਪੇਪਟ ਸਿਪਾਹੀ ਟੈਕਨੀਕਲ/ ਕਲਰਕ/ ਸਟੋਰਕੀਪਰ/ ਨਰਸਿੰਗ ਸਹਾਇਕਾਂ ਲਈ ਅਲੱਗ ਅਲੱਗ ਹੁੰਦਾ ਹੈ।

## 4. ਨਰਸਿੰਗ ਸਹਾਇਕ:

ਵਿੱਦਿਅਕ ਯੋਗਤਾ: 10+2 ਪਾਸ (ਫਿਜ਼ਿਕਸ, ਕੈਮਿਸਟਰੀ, ਬਾਇਓਲੋਜੀ ਅਤੇ ਅੰਗਰੇਜ਼ੀ ਵਿਸ਼ਿਆਂ ਵਿੱਚ ਕੁੱਲ 50% ਅੰਕਾਂ ਨਾਲ਼ ਅਤੇ ਹਰੇਕ ਵਿਸ਼ੇ ਵਿੱਚ ਘੱਟੋ ਘੱਟ 40% ਅੰਕ ਪ੍ਰਾਪਤ ਕੀਤੇ ਹੋਣ)

ਉਮਰ ਸੀਮਾ: 17.5 ਤੋਂ 23 ਸਾਲ

ਸਰੀਰਕ ਮਾਪਦੰਡ: ਉਚਾਈ 170 ਸੈ.ਮੀ. ਛਾਤੀ 77-82 ਸੈ.ਮੀ. ਭਾਰ 50 ਕਿ.ਗ੍ਰਾ

ਚੋਣ ਵਿਧੀ: (ੳ) ਸਰੀਰਿਕ ਯੋਗਤਾ ਟੈਸਟ ਵਿੱਚ ਇੱਕ ਮੀਲ ਦੌੜ-60 ਅੰਕ, 5.40 ਮਿੰਟਾਂ ਵਿੱਚ ਅਤੇ 10 ਡੰਡ-40 ਅੰਕ

ਲਿਖਤੀ ਟੈਸਟ: ਪੇਪਰ-1 ਸਾਰੀਆਂ ਸ਼੍ਰੇਣੀਆਂ ਦੀ ਸਾਂਝੀ ਪਰੀਖਿਆ

ਪੇਪਰ-2 ਇਹ ਪੇਪਰ ਸਿਪਾਹੀ ਟੈਕਨੀਕਲ/ ਕਲਰਕ/ ਸਟੋਰਕੀਪਰ/ ਨਰਸਿੰਗ ਸਹਾਇਕਾਂ ਲਈ ਅਲੱਗ ਅਲੱਗ ਹੁੰਦਾ ਹੈ।

## 5. ਸਿਪਾਹੀ (GD) ਪੈਰਾ ਮਿਲੀਟਰੀ ਫੋਰਸਿਜ਼:

ਵਿੱਦਿਅਕ ਯੋਗਤਾ: 10+2 ਪਾਸ

ਉਮਰ ਸੀਮਾ: 18 ਤੋਂ 23 ਸਾਲ (ਅਨੁਸੂਚਿਤ ਜਾਤੀ ਦੇ ਉਮੀਦਵਾਰਾਂ ਲਈ 5 ਸਾਲ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਲਈ 3 ਸਾਲ ਦੀ ਛੋਟ)

ਸਰੀਰਕ ਮਾਪਦੰਡ: ਉਚਾਈ 170 ਸੈ.ਮੀ. ਛਾਤੀ 80-85 ਸੈ.ਮੀ. ਭਾਰ – ਉਚਾਈ ਦੇ ਅਨੁਸਾਰ

ਚੋਣ ਵਿਧੀ: (ੳ) ਸਰੀਰਿਕ ਯੋਗਤਾ ਟੈਸਟ ਵਿੱਚ ਇੱਕ ਮੀਲ ਦੌੜ-6.50 ਮਿੰਟਾਂ ਵਿੱਚ, ਲੰਮੀ ਛਾਲ- 11 ਫੁੱਟ, ਉੱਚੀ ਛਾਲ-3.5 ਫੁੱਟ।

ਲਿਖਤੀ ਟੈਸਟ: ਆਮ ਗਿਆਨ (ਅੰਗਰੇਜ਼ੀ, ਗਣਿਤ ਅਤੇ ਸਾਇੰਸ ਆਦਿ) ਅਤੇ ਪਾਸ ਹੋਣ ਵਾਲ਼ੇ ਉਮੀਦਵਾਰਾਂ ਦੀ ਇੰਟਰਵਿਊ ਹੁੰਦੀ ਹੈ।

ਇਸ ਭਰਤੀ ਵਿੱਚ ਖੇਡਾਂ, ਐੱਨ.ਸੀ.ਸੀ., ਸਕਾਉਟ ਐਂਡ ਗਾਇਡਜ ਅਤੇ ਹੋਰ ਕਿਰਿਆਵਾਂ ਵਿੱਚ ਘੱਟੋ-ਘੱਟ ਰਾਜ ਪੱਧਰ ਦਾ ਸਰਟੀਫ਼ਿਕੇਟ ਪ੍ਰਾਪਤ ਕਰਨ ਵਾਲ਼ੇ ਉਮੀਦਵਾਰਾਂ ਨੂੰ ਵਾਧੂ ਅੰਕ ਦਿੱਤੇ ਜਾਂਦੇ ਹਨ।

ਵਧੇਰੇ ਜਾਣਕਾਰੀ ਲਈ https://joinindianarmy.nic.in ਵੈਬੱਸਾਈਟ ‘ਤੇ ਵਿਜ਼ਿਟ ਕੀਤਾ ਜਾ ਸਕਦਾ ਹੈ।

*(Source – Jobs & Career News, The Tribune)*

# ਵਕਾਲਤ

ਵਕਾਲਤ ਦੇ ਖੇਤਰ ਵਿੱਚ ਕੈਰੀਅਰ ਬਣਾਉਣ ਵਾਲ਼ੇ ਲੋਕ ਚੰਗੀ ਪ੍ਰਤਿਸ਼ਠਾ ਅਤੇ ਸਮਾਜ ਦੇ ਕਾਮਯਾਬ ਲੋਕਾਂ ਦੇ ਮੋਢੇ ਨਾਲ਼ ਮੋਢਾ ਜੋੜ ਕੇ ਚੰਗਾ ਧਨ ਅਤੇ ਸ਼ੋਹਰਤ ਪਾ ਸਕਦੇ ਹਨ। ਇੱਕ ਕਾਮਯਾਬ ਵਕੀਲ ਨੂੰ, ਮੀਡੀਆ ਅਤੇ ਸਮਾਜ ਵਿੱਚ ਉੱਚ ਦਰਜੇ ਵਾਲ਼ੀ ਜ਼ਿੰਦਗੀ ਜੀਉਣ ਦਾ ਅਵਸਰ ਮਿਲਦਾ ਹੈ।

ਵਕਾਲਤ ਨਾਲ਼ ਸੰਬੰਧਿਤ ਕਿਸੇ ਵੀ ਵਿਅਕਤੀ ਕੋਲ਼ ਕੰਮ ਦੀ ਕੋਈ ਕਮੀ ਨਹੀ ਹੁੰਦੀ ਅਤੇ ਉਹਨਾਂ ਦਾ ਕੰਮ ਮੁਸ਼ਕਲ ਹੁੰਦਾ ਹੋਇਆ ਵੀ ਰੌਚਕ ਅਤੇ ਖ਼ੁਸ਼ੀਆਂ ਭਰਿਆ ਹੁੰਦਾ ਹੈ। ਚੰਗੇ ਵਕੀਲਾਂ ਨੂੰ ਸੱਚਮੁੱਚ ਚੰਗਾ ਭੁਗਤਾਨ ਕੀਤਾ ਜਾਂਦਾ ਹੈ। ਹਾਲਾਂਕਿ ਬਹੁਤ ਸਾਰੇ ਦੂਸਰੇ ਖੇਤਰਾਂ ਵਿੱਚ ਸਫ਼ਲਤਾ ਪ੍ਰਾਪਤ ਕਰਨ ਵਾਸਤੇ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਇਹ ਵਕਾਲਤ ਦਾ ਕਿੱਤਾ ਸਖ਼ਤ ਮੁਕਾਬਲੇ ਵਾਲ਼ਾ ਹੈ ਅਤੇ ਕਈ ਵਾਰ ਤਾਂ ਕਾਮਯਾਬੀ ਹਾਸਲ ਕਰਨ ਵਾਸਤੇ ਬਹੁਤ ਮੁਸ਼ਕਲਾਂ ਵਿੱਚੋਂ ਹੋ ਕਿ ਗੁਜ਼ਰਨਾ ਪੈਂਦਾ ਹੈ।

ਸ਼ੁਰੂ ਸ਼ੁਰੂ ਵਿੱਚ ਤੁਹਾਡੀ ਆਮਦਨ ਜ਼ਰੂਰ ਕੁਝ ਸਧਾਰਨ ਹੋ ਸਕਦੀ ਹੈ ਪਰ ਸਮੇਂ ਦੇ ਨਾਲ਼-ਨਾਲ਼ ਅਤੇ ਤਜ਼ਰਬੇ ਨਾਲ਼ ਤੁਸੀਂ ਵਧੀਆ ਆਮਦਨ ਪ੍ਰਾਪਤ ਕਰ ਸਕਦੇ ਹੋ। ਆਪਣੇ ਕਿੱਤੇ ਦੇ ਸੁਨਹਿਰੇ ਸਮੇਂ ਦੌਰਾਨ ਹਰ ਵਕੀਲ ਪ੍ਰਤੀ ਮਹੀਨਾਂ ਲੱਖਾਂ ਰੁਪਏ ਕਮਾਉਂਦਾ ਹੈ।

ਅਦਾਲਤਾਂ ਲੋਕਤੰਤਰ ਦਾ ਤੀਸਰਾ ਥੰਮ੍ ਹੁੰਦੀਆਂ ਹਨ। ਇਹ ਇੱਕ ਅਜਿਹਾ ਸੰਗਠਨ ਹੁੰਦਾ ਹੈ ਜੋ ਕਿਸੇ ਵਿਅਕਤੀ ਦੇ ਅਧਿਕਾਰਾਂ ਦੀ ਰੱਖਿਆ ਅਤੇ ਸੰਵਿਧਾਨ ਦੀ ਪਾਲਣਾ ਕਰਵਾਉਂਦਾ ਹੈ। ਵਕੀਲਾਂ ਨੂੰ ਸੂਝਵਾਨ ਤਰਕ ਵਾਲ਼ੇ ਅਤੇ ਸਪਸ਼ਟਵਾਦੀ ਹੋਣਾ ਚਾਹੀਦਾ ਹੈ। ਤੁਹਾਨੂੰ ਆਪਣੇ ਦਿਮਾਗ਼ ਨੂੰ ਇਸ ਤਰੀਕੇ ਨਾਲ਼ ਤਿਆਰ ਕਰਨਾ ਚਾਹੀਦਾ ਹੈ ਜਿਸ ਨਾਲ਼ ਵਿਸ਼ਲੇਸ਼ਣ ਅਤੇ ਅਸਲ ਤੱਥਾਂ ਤੱਕ ਪਹੁੰਚਿਆ ਜਾ ਸਕੇ। ਤੁਹਾਡੇ ਵਿੱਚ ਇਹ ਸਮਰੱਥਾ ਹੋਣੀ ਚਾਹੀਦੀ ਹੈ ਕਿ ਤੁਸੀਂ ਹਰ ਤੱਥ ਨੂੰ ਚੰਗੀ ਤਰ੍ਹਾਂ ਸਮਝ ਸਕੋ। ਤੁਹਾਨੂੰ ਹਰ ਗੱਲ ਕਰਨ ਵੇਲ਼ੇ ਨਪੇ-ਤੁਲੇ ਸ਼ਬਦਾਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ।

ਉੱਤਮ ਗੁਣਵੱਤਾ ਅਤੇ ਪ੍ਰਭਾਵਸ਼ਾਲੀ ਹੁਨਰ ਦੇ ਨਾਲ਼ ਨਾਲ਼ ਅੰਗਰੇਜ਼ੀ ਬੋਲਣ ਅਤੇ ਲਿਖਣ ਵਿੱਚ ਮੁਹਾਰਤ ਹਾਸਲ ਕਰ ਚੁੱਕੇ ਵਕੀਲ ਖਾਸ ਤੌਰ 'ਤੇ ਹਾਈ ਕੋਰਟ ਦੇ ਵਿੱਚ ਬਹੁਤ ਜ਼ਰੂਰੀ ਹਨ। ਜ਼ਿਆਦਾਤਰ ਵਕੀਲਾਂ ਕੋਲ਼ ਲੋਕਾਂ ਨੂੰ ਚੰਗੀ ਤਰ੍ਹਾਂ ਸਮਝਣ ਅਤੇ ਪੂਰੀ ਜਾਣਕਾਰੀ ਪ੍ਰਾਪਤ ਕਰਨ ਦੀ ਸਮਰੱਥਾ ਹੋਣੀ ਚਾਹੀਦੀ ਹੈ। ਤਾਂ ਜੋ ਉਹ ਲੋਕਾਂ ਤੋਂ ਪੂਰੀ ਜਾਣਕਾਰੀ ਅਤੇ ਭੇਤ ਦਾ ਪਤਾ ਲਾ ਸਕਣ। ਬਹੁਤ ਹੀ ਇਮਾਨਦਾਰੀ ਅਤੇ ਨਿਵੇਕਲੇ ਤਰੀਕੇ ਨਾਲ਼ ਵਿਅਕਤੀ ਦੀ ਰੋਜ਼ਾਨਾ ਜ਼ਿੰਦਗੀ ਅਤੇ ਕੰਮ ਧੰਦਿਆਂ ਦੀ ਜਾਣਕਾਰੀ ਹਾਸਲ ਕਰਨ ਦੀ ਯੋਗਤਾ ਹੋਣੀ ਚਾਹੀਦੀ ਹੈ।

ਇੱਕ ਵਕੀਲ ਨੂੰ ਆਪਣੇ ਕੰਮ ਨੂੰ ਕਰਨ ਵਾਸਤੇ ਜ਼ਿਆਦਾਤਰ ਸਮਾਂ ਦਫ਼ਤਰ ਵਿੱਚ ਕੁਰਸੀ ਅਤੇ ਮੇਜ਼ ਉੱਪਰ ਬਿਤਾਉਣਾ ਪੈਂਦਾ ਹੈ। ਜੇਕਰ ਤੁਹਾਨੂੰ ਲੋਕਾਂ ਨੂੰ ਮਿਲਣਾ ਅਤੇ ਉਹਨਾਂ ਦੀਆਂ ਮੁਸ਼ਕਲਾਂ ਨੂੰ ਸਮਝਣ ਦਾ ਸ਼ੌਕ ਹੋਵੇ ਤਾਂ ਵਕਾਲਤ ਦਾ ਕਿੱਤਾ ਸਭ ਤੋਂ ਵਧੀਆ ਚੋਣ ਹੈ।

## ਕੋਰਸ ਅਤੇ ਸੰਸਥਾ:

ਐੱਲ.ਐੱਲ.ਬੀ. ਕੋਰਸ ਦੋ ਪ੍ਰਕਾਰ ਦੇ ਹੁੰਦੇ ਹਨ। ਇੱਕ ਤਿੰਨ ਸਾਲਾਂ ਦਾ ਅਤੇ ਦੂਸਰਾ ਪੰਜ ਸਾਲਾਂ ਦਾ। ਤਿੰਨ ਸਾਲਾਂ ਕੋਰਸ ਵਾਸਤੇ ਮੁੱਢਲੀ ਯੋਗਤਾ ਬੈਚਲਰਸ ਡਿਗਰੀ ਜਾਂ ਉਸ ਦੇ ਬਰਾਬਰ ਦਾ ਕੋਰਸ ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਕੀਤਾ ਹੋਵੇ। ਪੰਜ ਸਾਲਾਂ ਕੋਰਸ ਵਾਸਤੇ ਮੁੱਢਲੀ ਯੋਗਤਾ 10+2 ਹੈ। ਦੋਨਾਂ ਕੋਰਸਾ ਵਾਸਤੇ ਸਵੇਰ ਅਤੇ ਸ਼ਾਮ ਦੀਆਂ ਕਲਾਸਾਂ ਲਗਾਈਆਂ ਜਾਂਦੀਆ ਹਨ।

ਐੱਲ.ਐੱਲ.ਬੀ. 3 - ਸਾਲਾ ਕੋਰਸ ਵਾਸਤੇ ਦਿੱਲੀ, ਪੰਜਾਬ, ਬਨਾਰਸ, ਪਟਨਾ, ਚੈਨੰਈ, ਕੋਚੀਨ ਅਤੇ ਰਾਜਸਥਾਨ ਯੂਨੀਵਰਸਿਟੀਆਂ ਚੰਗੀਆਂ ਪ੍ਰਸਿੱਧ ਸੰਸਥਾਵਾਂ ਹਨ । ਮਹਾਰਾਸ਼ਟਰ ਦੇ ਸਰਕਾਰੀ ਲਾੱਅ ਕਾਲਜ ਵੀ ਵਧੀਆ ਸੰਸਥਾਵਾਂ ਵਿੱਚ ਗਿਣੇ ਜਾਂਦੇ ਹਨ। ਕੁਝ ਛੋਟੀਆਂ ਅਤੇ ਘੱਟ ਮਸ਼ਹੂਰ ਯੂਨੀਵਰਸਿਟੀਆਂ ਵੀ ਚੰਗਾ ਰਿਸਰਚ ਕੰਮ ਅਤੇ ਉੱਚੇ ਦਰਜੇ ਦੇ ਕੋਰਸ ਕਰਵਾ ਰਹੀਆਂ ਹਨ। ਲਗਭਗ 30 ਤੋਂ ਵੀ ਜ਼ਿਆਦਾ ਰਾਸ਼ਟਰੀ ਯੂਨੀਵਰਸਿਟੀਆਂ ਇਕੱਲੇ ਬੈਂਗਲੋਰ ਵਿੱਚ ਹੀ 5-ਸਾਲਾ ਐੱਲ. ਐੱਲ.ਬੀ. ਕੋਰਸ ਕਰਵਾਉਂਦੀਆਂ ਹਨ। ਬਹੁਤ ਸਾਰੀਆਂ ਯੂਨੀਵਰਸਿਟੀਆਂ ਆਪਣੇ ਲਾੱਅ ਕੋਰਸਾਂ ਵਾਸਤੇ ਵੱਖਰੀ ਇੰਟਰਵਿਊ ਲੈਂਦੀਆਂ ਹਨ।

ਦਿੱਲੀ ਯੂਨੀਵਰਸਿਟੀ ਵੀ ਲਾੱਅ ਕੋਰਸ ਵਾਸਤੇ ਦਾਖ਼ਲਾ ਪਰੀਖਿਆ ਦਾ ਸੰਚਾਲਨ ਕਰਦੀ ਹੈ । ਇਸ ਪਰੀਖਿਆ ਵਿੱਚ ਵਸਤੂਨਿਸ਼ਠ, ਬਹੁਵਿਕਲਪ ਪ੍ਰਸ਼ਨ ਪੱਤਰ , ਆਮ ਜਾਗਰੂਕਤਾ , ਅੰਕ ਯੋਗਤਾ ਅਤੇ ਕਾਨੂੰਨੀ ਤੱਥਾਂ ਨਾਲ਼ ਸੰਬੰਧਿਤ ਪ੍ਰਸ਼ਨ ਪੁੱਛੇ ਜਾਂਦੇ ਹਨ । ਇਸ ਵਿੱਚ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਚਲੰਤ ਮਸਲੇ, ਜਨਰਲ ਸਾਇੰਸ , ਭਾਰਤੀ ਇਤਿਹਾਸ, ਭੂਗੋਲ, ਭਾਰਤੀ ਰਾਜਨੀਤੀ ਅਤੇ ਅਰਥਸ਼ਾਸਤਰ ਸ਼ਾਮਲ ਹੁੰਦੇ ਹਨ।

ਰਾਸ਼ਟਰੀ ਲਾੱਅ ਸਕੂਲ ਬੰਗਲੋਰ ਐੱਲ.ਐੱਲ.ਬੀ.-5 ਸਾਲਾ ਕੋਰਸ ਕਰਨ ਵਾਸਤੇ ਇੱਕ ਉੱਤਮ ਲਾੱਅ ਸਕੂਲ ਮੰਨਿਆ ਜਾਂਦਾ ਹੈ । ਇਸ ਸੰਸਥਾ ਦੁਆਰਾ ਹੀ ਸਾਰੇ ਭਾਰਤ ਵਿੱਚ ਰਾਸ਼ਟਰੀ ਦਾਖ਼ਲਾ ਪਰੀਖਿਆ ਲਈ ਜਾਂਦੀ ਹੈ। ਇਸ ਵਿੱਚ ਵਸਤੂਨਿਸ਼ਠ, ਬਹੁਵਿਕਲਪ ਪ੍ਰਸ਼ਨ, ਆਮ ਗਿਆਨ ਅੰਗਰੇਜੀ ਅਤੇ ਕਾਨੂੰਨੀ ਯੋਗਤਾ ਨਾਲ਼ ਸੰਬੰਧਿਤ ਹੁੰਦੇ ਹਨ । ਇਹ ਸਾਰੇ ਪ੍ਰਸ਼ਨ ਸੀਨੀਅਰ ਸੈਕੰਡਰੀ ਪੱਧਰ ਦੇ ਹੁੰਦੇ ਹਨ।

5-ਸਾਲਾ ਲਾੱਅ ਕੋਰਸ ਕਰਵਾਉਣ ਵਾਲ਼ੀਆਂ ਰਾਸ਼ਟਰੀ ਸੰਸਥਾਵਾਂ ਦੇ ਨਾਮ :-

- Andhra University, Waltair
- Banaras Hindu University, Varanasi
- Bangalore University, Bangalore
- Bharathiar University, Coimbatore
- Bharathiar University, Tiruchirapalli
- University of Bombay, Mumbai
- University of Calcutta, Calcutta
- University of Calicut, Calicut
- Guru Jambheshwar University, Hissar
- Jodhpur University, Jodhpur
- Kakatiya University, Warangal
- University of Kerala, Thiruvananthapuram
- Kurukshetra University, Kurukshetra
- University of Madras, Chennai
- Madurai Kamraj University, Madurai
- Magadh University, Gaya
- MDU, Rohtak
- Mahatma Gandhi University, Kottyam
- University of Mysore, Mysore
- Mangalore University, Mangalore
- Nagpur University, Nagpur
- National Law School, Bangalore
- Osmania University, Hyderabad
- University of Pune, Pune

ਲਾੱਅ ਕੋਰਸ ਕਰਵਾਉਣ ਵਾਲ਼ੀਆਂ ਪੰਜਾਬ ਰਾਜ ਅਤੇ ਚੰਡੀਗੜ੍ਹ ਦੀਆਂ ਸੰਸਥਾਵਾਂ ਦੇ ਨਾਮ :-

- Rajiv Gandhi National University of Law, Patiala
- Guru Nanak Dev University, Amritsar
- Punjabi University, Patiala
- Army Institute of Law, Mohali
- Central University of Punjab, Bathinda
- Lovely Professional University, Jalandhar
- Panjab University, Chandigarh

ਬਹੁਤ ਸਾਰੀਆਂ ਯੂਨੀਵਰਸਿਟੀਆਂ ਲਾੱਅ ਵਿੱਚ 2-ਸਾਲਾ ਕੋਰਸ BAL ਡਿਗਰੀ ਕਰਵਾਉਦੀਆਂ ਹਨ। ਇਸ ਨੂੰ ਬੈਚਲਰ ਅੱਫ਼ ਅਕਾਦਮਿਕ ਲਾੱਅ ਕਹਿੰਦੇ ਹਨ । ਇਸ ਕੋਰਸ ਨੂੰ ਕਰਨ ਤੋਂ ਬਾਅਦ ਅਸੀਂ ਕਿਸੇ ਅਦਾਲਤ ਵਿੱਚ ਪ੍ਰੈਕਟਿਸ ਜਾਂ ਵਕਾਲਤ ਸੰਬੰਧੀ ਕਾਰਵਾਈ ਵਿੱਚ ਹਿੱਸਾ ਨਹੀਂ ਲੈ ਸਕਦੇ । ਸਿਰਫ ਕਿਸੇ ਅਦਾਰੇ ਵਿੱਚ ਕਾਨੂੰਨੀ ਸਲਾਹਕਾਰ ਜਾਂ ਪ੍ਰਬੰਧਕ ਲੱਗ ਸਕਦੇ ਹਾਂ । ਤਿੰਨ-ਸਾਲਾ L.L.B. ਕੋਰਸ ਵੀ ਬਹੁਤਾ ਲਾਭਕਾਰੀ ਨਹੀਂ ਹੁੰਦਾ । ਜੇਕਰ ਉਸ ਤੋ ਬਾਅਦ 2 ਸਾਲ ਦਾ ਅਕਾਦਮਿਕ ਗਿਆਨ ਪ੍ਰਾਪਤ ਨਾ ਕੀਤਾ ਜਾਵੇ। L.L.M ਜਾਂ ਮਾਸਟਰ ਅੱਫ਼ ਲਾੱਅ 2-ਸਾਲਾ ਕੋਰਸ ਬਹੁਤ ਸਾਰੀਆਂ ਯੂਨੀਵਰਸਿਟੀਆਂ ਵਿੱਚ ਸੰਵਿਧਾਨ, ਅਪਰਾਧਿਕ, ਵਿਸ਼ੇਸ ਮੁਹਾਰਤ ਅੰਤਰ-ਰਾਸ਼ਟਰੀ ਲਾੱਅ ਅਤੇ ਵਪਾਰਿਕ ਆਦਿ ਉਪਲੱਬਧ ਹੈ । ਇਹ ਕੋਰਸ ਵਕਾਲਤ ਵਿੱਚ ਡੂੰਘਾਈ ਨਾਲ਼ ਕੰਮ ਕਰਨ ਲਈ ਚੰਗਾ ਮੰਨਿਆ ਜਾਂਦਾ ਹੈ । ਜਿਨ੍ਹਾਂ ਨੇ L.L.M ਕੋਰਸ ਲਈ ਵਿਦੇਸ਼ ਵਿੱਚ ਪੜ੍ਹਾਈ ਕਰਨ ਜਾਣਾ ਹੁੰਦਾ ਹੈ ਉਹਨਾਂ ਵਾਸਤੇ ਅਮਰੀਕਾ ਵਿੱਚ ਖਾਸ ਤੌਰ ‘ਤੇ 1 ਸਾਲ ਦਾ ਅਕਾਦਮਿਕ ਕੋਰਸ ਕਰਵਾਇਆ ਜਾਂਦਾ ਹੈ । ਇਸ ਵਿੱਚ ਦਾਖ਼ਲਾ ਲੈਣ ਵਾਸਤੇ TOFEL ਲਾਜ਼ਮੀ ਹੈ ਅਤੇ LSAT ਜੋ ਆਪਸ਼ਨਲ ਹੈ, ਦੀ ਪਰੀਖਿਆ ਦੇਣੀ ਪੈਂਦੀ ਹੈ ।

ਵਿਦੇਸ਼ ਵਿੱਚ ਜੋ ਸਕੂਲ਼ L.L.M ਕੋਰਸ ਕਰਵਾਉਂਦੇ ਹਨ, ਉਹ ਹਨ YALE, HARVARD, CORNELL, COLUMBIA, NYSU ਅਤੇ CALIFORNIA UNIVERSITY ਕੁੱਝ ਸਥਾਨਾਂ ਉੱਪਰ ਆਮ ਤੌਰ ‘ਤੇ UCLA ਅਤੇ ਬਹੁਤ ਸਾਰੀਆਂ ਬ੍ਰਿਟਿਸ਼ ਸੰਸਥਾਵਾਂ ਅਤੇ ਯੂਨੀਵਰਸਿਟੀਜ਼ ਵਿੱਚ ਇੱਕ ਸਾਲ ਦਾ L.L.M ਕੋਰਸ ਕਰਵਾਇਆ ਜਾਂਦਾ ਹੈ ਜਿਸ ਵਿੱਚ TOFEL ਜਾਂ ਬ੍ਰਿਟਿਸ਼ ਕੌਂਸਲ ਅੰਗਰੇਜ਼ੀ ਭਾਸ਼ਾ ਦਾ ਟੈਸਟ ਜ਼ਰੂਰੀ ਹੁੰਦਾ ਹੈ । ਇਸ ਕੋਰਸ ਵਾਸਤੇ ਬ੍ਰਿਟਿਸ਼ ਯੂਨੀਵਰਸਿਟੀ ਜ਼ਿਆਦਾਤਰ ਲੋਕਾਂ ਦੀ ਪਸੰਦ ਹੈ ।

## ਕਿੱਤੇ ਦੀ ਚੋਣ ਕਰਨਾ:

ਬਹੁਤ ਸਾਰੇ ਖੇਤਰਾਂ ਵਿੱਚ ਮਾਹਿਰ ਵਕੀਲਾਂ ਦੀ ਅਹਿਮ ਭੂਮਿਕਾ ਹੁੰਦੀ ਹੈ । ਜਿਵੇ ਅਪਰਾਧਿਕ ਮਸਲੇ, ਕਾਰਪੋਰੇਟ ਲਾੱਅ, ਕਰ ਵਿਭਾਗ, ਸੰਵਿਧਾਨਿਕ ਲਾੱਅ, ਪ੍ਰਬੰਧਕੀ ਲਾੱਅ, ਲੇਬਰ ਲਾੱਅ, ਉਦਯੋਗਿਕ ਅਤੇ ਅੰਤਰਰਾਸ਼ਟਰੀ ਲਾੱਅ ਆਦਿ । ਜੇਕਰ ਤੁਸੀਂ ਆਪਣੀ ਪਸੰਦ ਅਨੁਸਾਰ ਕੋਰਸ ਦੀ ਚੋਣ ਕਰ ਲੈਂਦੇ ਹੋ ਤਾਂ ਤੁਸੀਂ ਸੁਭਾਵਿਕ ਹੀ ਅਪਰਾਧਿਕ ਲਾੱਅ ਵਿੱਚ ਮੁਹਾਰਤ ਹਾਸਲ ਕਰ ਸਕੋਗੇ ।

ਅਪਰਾਧਿਕ ਲਾਅ ਨਾਲ਼ ਸੰਬੰਧਿਤ ਵਕੀਲ ਆਪਣੀ ਰੁਚੀ ਅਤੇ ਅਨੁਭਵ ਨੂੰ ਦੂਸਰਿਆਂ ਨਾਲ਼ ਕਦੇ ਵੀ ਸਾਂਝਾ ਨਹੀਂ ਕਰਨਗੇ । ਅਪਰਾਧਿਕ ਮਸਲੇ ਉਪਰ ਦੋ-ਚਾਰ ਜਿੱਤਾਂ ਹੀ ਤੁਹਾਨੂੰ ਸਮਾਜ ਵਿੱਚ ਮਾਨ-ਸਨਮਾਨ ਪ੍ਰਾਪਤ ਕਰਵਾ ਦੇਣਗੀਆਂ । ਤੁਹਾਨੂੰ ਇਸ ਕਿੱਤੇ ਵਿੱਚ ਕੰਮ ਕਰਨ ਦਾ ਅਨੰਦ ਆਵੇਗਾ । ਇੱਕ ਦੋ ਹਾਰਾਂ ਦੇ ਨਾਲ਼ ਤੁਹਾਡੀ ਪ੍ਰਤਿਸ਼ਠਾ ਨੂੰ ਢਾਹ ਵੀ ਲੱਗ ਸਕਦੀ ਹੈ । ਅਪਰਾਧਿਕ ਮਸਲੇ ਹੱਲ ਕਰਨ ਵਾਸਤੇ ਸਖ਼ਤ ਮਿਹਨਤ, ਸੂਝ-ਬੂਝ ਅਤੇ ਦਿਮਾਗ਼ੀ ਸਮਰੱਥਾ ਦੀ ਲੋੜ ਹੁੰਦੀ ਹੈ । ਅਪਰਾਧਿਕ ਲਾਅ ਦੀ ਅੱਜਕੱਲ ਮੰਗ ਸਭ ਤੋ ਵੱਧ ਹੈ ।

ਕਾਰਪੋਰੇਟ ਲਾੱਅ ਬਹੁਤ ਸਾਰੇ ਐਕਟ ਅਤੇ ਕਾਨੂੰਨੀ ਪ੍ਰਕਿਰਿਆ ਦਾ ਮਿਸ਼ਰਣ ਹੁੰਦਾ ਹੈ। ਕੰਪਨੀ ਲਾੱਅ ਇਸ ਦੇ ਉਲਟ ਖਾਸ ਤੌਰ 'ਤੇ MRTP, FERA ਵਰਗੇ ਕਾਨੂੰਨੀ ਪ੍ਰਕਿਰਿਆਵਾਂ ਤੋਂ ਬਣਿਆ ਹੁੰਦਾ ਹੈ। ਜਿਸ ਤਰ੍ਹਾਂ ਅੱਜਕੱਲ੍ਹ ਭਾਰਤੀ ਵਿਆਹ ਟੁੱਟ ਰਹੇ ਹਨ ਅਤੇ ਪਰਿਵਾਰਿਕ ਝਗੜੇ ਵੱਧ ਰਹੇ ਹਨ। ਵਕੀਲਾਂ ਵਾਸਤੇ ਵੀ ਕੰਮ ਵੱਧ ਗਿਆ ਹੈ। ਉਹਨਾਂ ਦਾ ਮਾਨ-ਸਨਮਾਨ ਵੀ ਵੱਧ ਗਿਆ ਹੈ। ਉਹਨਾਂ ਦੀ ਸਥਿਤੀ ਪਹਿਲਾਂ ਤੋਂ ਚੰਗੀ ਹੋ ਗਈ ਹੈ।

ਕਸਟਮ, ਕਰ ਵਿਭਾਗ, ਨੌਕਰੀ ਪੇਸ਼ਾ, ਜਾਇਦਾਦ, ਮਕਾਨ ਕਿਰਾਇਆ, ਮਾਲਕਾਨਾ ਹੱਕ, ਠੇਕਾ ਆਦਿ ਨਾਲ਼ ਸੰਬੰਧਿਤ ਅਣਗਿਣਤ ਮਸਲੇ ਹੁੰਦੇ ਹਨ। ਕੰਮ ਦੀ ਬਹੁਤਾਤ ਕਰਕੇ ਹਰੇਕ ਲਾੱਅ ਅਤੇ ਨਿਆਂਪਾਲਿਕਾ ਨਾਲ਼ ਜੁੜੇ ਹੋਏ ਲੋਕਾਂ ਵਾਸਤੇ ਵਿਹਲ ਨਹੀਂ ਹੁੰਦੀ। ਇੱਕ ਵਕਾਲਤ ਦਾ ਚੰਗਾ ਅਭਿਆਸੀ ਕਦੇ ਵੀ ਕਿਸੇ ਕੇਸ ਨੂੰ ਆਪਣੇ ਹੱਥੋਂ ਨਿਕਲਣ ਨਹੀਂ ਦਿੰਦਾ। ਉਹ ਪੂਰੀ ਸਮਰੱਥਾ ਲਗਾ ਕੇ ਕੇਸ ਨੂੰ ਆਪਣੇ ਹੱਕ ਵਿੱਚ ਕਰਵਾ ਲੈਂਦਾ ਹੈ। ਜਿਸ ਨਾਲ਼ ਉਸ ਦਾ ਮਾਣ ਅਤੇ ਸ਼ੋਹਰਤ ਵੱਧਦੀ ਹੈ ਅਤੇ ਉਸਨੂੰ ਵੀ ਸਮਾਜ ਵਿੱਚ ਵਿਚਰਣ ਦਾ ਅਨੰਦ ਆਉਂਦਾ ਹੈ।

ਐਡਵੋਕੇਟ:-

ਇੱਕ ਚੰਗਾ ਵਕੀਲ ਅਦਾਲਤ ਵਿੱਚ ਨਤਮਸਤਕ ਹੋ ਕੇ ਆਉਂਦਾ ਹੈ ਅਤੇ ਮੁਕੱਦਮੇ ਵਿੱਚ ਆਪਣੀ ਸਾਰੀ ਤਾਕਤ ਲਗਾ ਦਿੰਦਾ ਹੈ। ਜੂਨੀਅਰ ਵਕੀਲ ਸ਼ੁਰੂਆਤ ਵਿੱਚ ਕੇਸ ਨਾਲ਼ ਸੰਬੰਧਿਤ ਸਾਰੀ ਜਾਣਕਾਰੀ, ਫ਼ਾਇਲ ਵਰਕ, ਖੋਜਬੀਨ ਅਤੇ ਅਦਾਲਤੀ ਕੰਮ ਨੂੰ ਤਰਤੀਬਵਾਰ ਇਕੱਠਾ ਕਰਕੇ ਸੀਨੀਅਰ ਦੀ ਸਹਾਇਤਾ ਕਰਦੇ ਹਨ। ਇਸ ਤਰ੍ਹਾਂ ਉਹ ਵੀ ਕੰਮ ਵਿੱਚ ਨਿਪੁੰਨ ਹੋ ਜਾਂਦੇ ਹਨ।

ਬਹੁਤ ਸਾਰੇ ਸਿਵਿਲ ਕਨੂੰਨ ਮਾਹਿਰ ਵਕੀਲ ਵੱਖ-ਵੱਖ ਕਿਸਮ ਦੇ ਸਿਵਿਲ ਕੇਸਾਂ ਨੂੰ ਅਪਰਾਧਿਕ ਕੇਸਾਂ ਦੇ ਨਾਲੋਂ ਤਰਜ਼ੀਹ ਦਿੰਦੇ ਹਨ। ਕਿਉਂ ਜੋ ਅਪਰਾਧਿਕ ਕੇਸਾਂ ਨਾਲ਼ ਸੰਬੰਧਿਤ ਵਕੀਲਾਂ ਕੋਲ਼ ਜ਼ਿਆਦਾਤਰ ਅਪਰਾਧਿਕ ਮਸਲੇ ਹੀ ਪਹੁੰਚਦੇ ਹਨ। ਤੁਹਾਡੀ ਹਮੇਸ਼ਾ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਕਿਸੇ ਕਿਸਮ ਦਾ ਕੇਸ ਆ ਜਾਵੇ, ਤੁਸੀ ਨਾਂਹ ਨਹੀਂ ਕਰਨੀ।

ਹਰ ਕਿਸਮ ਦਾ ਕੇਸ ਹੱਲ ਕਰਨ ਨਾਲ਼ ਤੁਹਾਡਾ ਆਪਣੇ ਉਪਰ ਭਰੋਸਾ ਅਤੇ ਤਜ਼ਰਬਾ ਵਧੇਗਾ। ਤੁਸੀਂ ਆਪਣੀ ਸ਼ਖਸੀਅਤ ਨੂੰ ਨਿਆਂਪਾਲਿਕਾ ਵਿੱਚ ਹੋਰ ਚਮਕਾ ਸਕਦੇ ਹੋ। ਇਮਾਨਦਾਰੀ, ਬਿਨ੍ਹਾਂ ਨਾਗਾ ਅਤੇ ਲਗਾਤਾਰ ਮਿਹਨਤ ਦੇ ਨਾਲ਼ ਤੁਸੀਂ ਇਸ ਕਿੱਤੇ ਵਿੱਚ ਬੁਲੰਦੀਆਂ ਨੂੰ ਛੂਹ ਲਵੋਗੇ।

**ਕਾਨੂੰਨੀ ਸਲਾਹਕਾਰ :-**

ਕਾਨੂੰਨੀ ਸਲਾਹਕਾਰ ਦੀ ਵੀ ਅੱਜਕੱਲ੍ਹ ਬਹੁਤ ਜ਼ਰੂਰਤ ਹੈ । ਬਹੁਤ ਸਾਰੀਆਂ ਫਰਮਾਂ ਅੱਜਕੱਲ੍ਹ ਸਾਹਮਣੇ ਆਈਆਂ ਹਨ ਜੋ ਲੋਕਾਂ ਦੇ ਨਿੱਜੀ, ਵਪਾਰਕ, ਪਰਿਵਾਰਿਕ, ਜ਼ਮੀਨ ਜਾਇਦਾਦ, ਕਿਰਾਇਆ ਅਤੇ ਅਪਰਾਧਿਕ ਮਸਲਿਆਂ ਨੂੰ ਹੱਲ ਕਰਨ ਵਾਸਤੇ ਸਲਾਹ ਦਿੰਦੀਆਂ ਹਨ । ਇੱਕ ਜੂਨੀਅਰ ਵਕੀਲ ਸੀਨੀਅਰ ਵਕੀਲ ਨਾਲ਼ ਕੰਮ ਕਰ ਕੇ ਆਪਣੇ ਆੱਫ਼ ਨੂੰ ਇੱਕ ਕੁਸ਼ਲ ਵਕੀਲ ਦੇ ਰੂਪ ਵਿੱਚ ਸਥਾਪਿਤ ਕਰ ਲੈਂਦਾ ਹੈ ।

**ਰਾਜਨੀਤਿਕ ਸਲਾਹਕਾਰ :-**

ਕਾਨੂੰਨੀ ਮਾਹਿਰਾਂ ਦੀ ਅੱਜਕੱਲ੍ਹ ਰਾਜਨੀਤਿਕ ਸਲਾਹਕਾਰ ਦੇ ਰੂਪ ਵਿੱਚ ਬਹੁਤ ਸਾਰੇ ਰਾਜਨੀਤਿਕ ਦਲ ਨਿਯੁਕਤੀ ਕਰਦੇ ਹਨ । ਸਮੇਂ ਸਮੇਂ ਉਪਰ ਉਹਨਾਂ ਕੋਲੋਂ ਕਾਨੂੰਨੀ ਸਲਾਹ ਲੈਣ ਲਈ ਵੱਖ-ਵੱਖ ਮਸਲੇ ਜਿਵੇਂ ਲਾੱਅ ਐਂਡ ਆਰਡਰ, ਪ੍ਰਸ਼ਾਸ਼ਨਿਕ ਅਤੇ ਰਾਜਨੀਤਿਕ, ਵਪਾਰਿਕ, ਘਰ, ਵਪਾਰਿਕ, ਰਿਹਾਇਸ਼ ਆਦਿ ਨਾਲ਼ ਸੰਬੰਧੀ ਬਹੁਤ ਜ਼ਿਆਦਾ ਮਸਲੇ ਹੁੰਦੇ ਹਨ । ਇਸ ਲਈ ਬਹੁਤ ਸਾਰੀਆਂ ਫਰਮਾਂ ਜਾਂ ਕੰਪਨੀਆਂ ਪੱਕੇ ਤੌਰ 'ਤੇ ਕਾਨੂੰਨੀ ਮਾਹਿਰ ਭਰਤੀ ਕਰਦੀਆਂ ਹਨ । ਕਿਰਾਇਆ, ਕਿਸਤਾਂ ਜਾਂ ਵਿਆਜ ਨਾਲ਼ ਸੰਬੰਧਿਤ ਝਗੜੇ ਉਹ ਕਾਨੂੰਨੀ ਮੁਹਾਰਤ ਨਾਲ਼ ਹੱਲ ਕਰ ਲੈਂਦੇ ਹਨ ।

**ਸਰਕਾਰੀ ਕੰਮ :-**

ਸੈਂਕੜੇ ਵਕੀਲਾਂ ਨੂੰ ਹਰ ਸਾਲ ਸਰਕਾਰੀ ਮੰਤਰਾਲੇ ਭਰਤੀ ਕਰਦੇ ਹਨ । ਇਹ ਭਰਤੀ UPSC ਦੁਆਰਾ ਇੰਟਰਵਿਊ ਲੈ ਕੇ ਕੀਤੀ ਜਾਂਦੀ ਹੈ। ਇਸ ਦੀ ਘੱਟੋ-ਘੱਟ ਯੋਗਤਾ ਲਾੱਅ ਵਿੱਚ ਮਾਸਟਰ ਡਿਗਰੀ ਅਤੇ ਪੰਜ ਸਾਲ ਦਾ ਤਜ਼ਰਬਾ ਜ਼ਰੂਰੀ ਹੈ । ਖੋਜ ਖੇਤਰ ਵਿੱਚ ਕੰਮ ਕਰਨ ਵਾਲ਼ੇ ਨੂੰ ਪਹਿਲ ਹੁੰਦੀ ਹੈ ।

ਜੋ ਲੋਕ ਸਰਕਾਰੀ ਨੌਕਰੀ ਦੀ ਆਸ ਰੱਖਦੇ ਹਨ ਉਹਨਾਂ ਵਾਸਤੇ ਵੀ ਇਸ ਖੇਤਰ ਵਿੱਚ ਬਹੁਤ ਸਾਰੇ ਮੌਕੇ ਹੁੰਦੇ ਹਨ, ਭਾਵੇ ਉਹਨਾਂ ਦੀ ਉਮਰ ਕੁਝ ਵੱਧ ਵੀ ਹੋ ਗਈ ਹੋਵੇ । UPSC ਦੀ ਭਰਤੀ ਪ੍ਰਕਿਰਿਆ ਦੇ ਨਾਲ਼-ਨਾਲ਼ ਸਟੇਟ ਸਰਵਿਸ ਕਮਿਸ਼ਨ (SSC) ਵੀ ਰਾਜਾਂ ਵਿੱਚ ਭਰਤੀ ਪ੍ਰਕਿਰਿਆ ਕਰਦੀਆਂ ਹਨ । ਇਹ ਕਮਿਸ਼ਨ ਲਗਾਤਾਰ ਹਾਇਰ ਅਤੇ ਲੋਅਰ ਜੁਡੀਸ਼ਰੀ ਵਾਸਤੇ ਭਰਤੀ ਕਰਦੇ ਹਨ। ਸਰਕਾਰੀ ਵਕੀਲਾਂ ਦੀ ਭਰਤੀ ਵੀ ਇਹਨਾਂ ਦੁਆਰਾ ਕੀਤੀ ਜਾਂਦੀ ਹੈ । ਕੁੱਲ ਮਿਲਾਕੇ ਇਹ ਕਿੱਤਾ ਸਾਰੇ ਕਿੱਤਿਆ ਨਾਲੋਂ ਸੌਖਾ, ਰੁਚੀ ਭਰਪੂਰ, ਕਦੇ ਨਾ ਅੱਕਣ ਹੋਣ ਵਾਲ਼ਾ ਅਤੇ ਚੰਗੀ ਸ਼ੋਹਰਤ ਦੇਣ ਵਾਲ਼ਾ ਹੈ ।

*(Source – Competition Refresher, Bright's Career, After +2 and Beyond)*

# ਕੱਪੜਾ ਉਦਯੋਗ ਵਿੱਚ ਰੁਜ਼ਗਾਰ

## ਕੱਪੜਾ ਉਦਯੋਗ ਦਾ ਕੰਮ :-

ਕੱਪੜਾ ਉਦਯੋਗ ਭਾਰਤ ਦੇ ਸਭ ਤੋਂ ਵੱਡੇ ਅਤੇ ਮਹੱਤਵਪੂਰਨ ਉਦਯੋਗਾਂ ਵਿੱਚੋਂ ਇੱਕ ਹੈ। ਇਸ ਉਦਯੋਗ ਵਿੱਚ ਅਲੱਗ-ਅਲੱਗ ਪੱਧਰ ਅਤੇ ਅਲੱਗ-ਅਲੱਗ ਅਦਾਰਿਆਂ ਵਿੱਚ ਮਿਹਨਤੀ ਅਤੇ ਕੰਮ ਕਰਨ ਵਾਲ਼ੇ ਲੋਕਾਂ ਦੀ ਜ਼ਰੂਰਤ ਹੈ। ਇਸ ਵਿੱਚ ਕੱਪੜਾ ਡਿਜ਼ਾਇਨਰ, ਤਕਨੀਕੀ ਮਾਹਿਰ ਤੋਂ ਲੈ ਕੇ ਵੇਚਣ ਅਤੇ ਬਜ਼ਾਰੀਕਰਨ ਕਰਨ ਆਦਿ ਲਈ ਪੜ੍ਹੇ-ਲਿਖੇ ਅਤੇ ਤਜਰਬੇਕਾਰ ਕਾਮਿਆਂ ਦੀ ਜ਼ਰੂਰਤ ਪੈਂਦੀ ਹੈ। ਕੱਪੜਾ ਉਦਯੋਗ ਵਿੱਚ ਮੁੱਖ ਕੰਮ ਵੱਖ-ਵੱਖ ਤਰ੍ਹਾਂ ਦੇ ਕੱਪੜੇ ਜਿਵੇਂ ਸੂਤੀ, ਰੇਸ਼ੇਦਾਰ, ਉੱਨੀ ਅਤੇ ਸਿੰਥੈਟਿਕ ਕੱਪੜੇ ਨੂੰ ਡਿਜ਼ਾਇਨ ਕਰਨਾ, ਤਿਆਰ ਕਰਨਾ ਅਤੇ ਕਢਾਈ ਕਰਨਾ ਹੈ। ਇੱਕ ਚੰਗਾ ਕੱਪੜਾ ਡਿਜ਼ਾਇਨਰ ਬਨਣ ਲਈ ਕੱਪੜਾ ਤਿਆਰ ਕਰਨ, ਬੁਣਨ, ਕਢਾਈ ਕਰਨ ਅਤੇ ਰੰਗਾਈ ਕਰਨ ਦਾ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਇਸ ਦੇ ਨਾਲ਼ ਨਾਲ਼ ਇੱਕ ਚੰਗੇ ਡਿਜਾਈਨਰ ਲਈ ਕੱਪੜੇ ਦੀ ਗੁਣਵਕਤਾ ਦੀ ਪਛਾਣ ਅਤੇ ਵੱਖ-ਵੱਖ ਤਰ੍ਹਾਂ ਦੀਆਂ ਮਸ਼ੀਨਾਂ ਜੋ ਕਿ ਕੱਪੜੇ 'ਤੇ ਛਾਪਾ ਲਾਉਣ ਲਈ ਵਰਤੀਆਂ ਜਾਂਦੀਆਂ ਹਨ, ਦੀ ਜਾਣਕਾਰੀ ਹੋਣਾ ਵੀ ਜ਼ਰੂਰੀ ਹੈ। ਇੱਕ ਚੰਗਾ ਕੱਪੜਾ ਡਿਜ਼ਾਇਨਰ ਉਹੀ ਹੈ ਜਿਸ ਨੂੰ ਬਜ਼ਾਰ ਵਿੱਚ ਆ ਰਹੇ ਵੱਧ ਮੰਗ ਵਾਲ਼ੇ ਫੈਸ਼ਨਾਂ ਬਾਰੇ ਵੀ ਪਤਾ ਹੋਵੇ। ਕੱਪੜਾ ਡਿਜ਼ਾਇਨਰ ਇਸ ਗੱਲ ਨੂੰ ਆਪਣੇ ਧਿਆਨ ਵਿੱਚ ਰੱਖਦਾ ਹੈ ਕਿ ਕਿਹੜਾ ਕੱਪੜਾ ਵਰਤਣਾ ਹੈ, ਕਿਸ ਤਰਾਂ ਦੀ ਛਪਾਈ ਕਰਨੀ ਹੈ, ਕੱਪੜੇ ਦੀ ਕੀ ਮਿਆਦ ਹੈ ਅਤੇ ਕੱਪੜੇ ਦਾ ਭਾਰ ਕਿੰਨਾ ਹੋਵੇਗਾ। ਗ੍ਰਾਹਕ ਦੀ ਜ਼ਰੂਰਤ ਅਤੇ ਬਜ਼ਾਰ ਦੀ ਮੰਗ ਨੂੰ ਧਿਆਨ ਵਿੱਚ ਰੱਖਣਾ ਵੀ ਬਹੁਤ ਜ਼ਰੂਰੀ ਹੈ। ਮੌਸਮ ਅਨੁਸਾਰ ਕੱਪੜੇ ਦੇ ਰੰਗਾਂ ਦੀ ਵਰਤੋਂ ਵੀ ਬਦਲ ਜਾਂਦੀ ਹੈ। ਇੱਕ ਚੰਗਾ ਕੱਪੜਾ ਡਿਜ਼ਾਇਨਰ ਇਹਨਾਂ ਸੱਭ ਗੱਲਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਕੱਪੜੇ ਦਾ ਡਿਜ਼ਾਇਨ ਤਿਆਰ ਕਰਦਾ ਹੈ।

ਕੱਪੜੇ ਦਾ ਡਿਜ਼ਾਇਨ ਤਿਆਰ ਕਰਨ ਤੋਂ ਬਾਅਦ ਉਸ ਦਾ ਕੱਚਾ ਖਾਕਾ ਤਿਆਰ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਇਸ ਖਾਕੇ ਨੂੰ ਅਮਲ ਵਿੱਚ ਲਿਆਇਆ ਜਾਂਦਾ ਹੈ। ਕੱਪੜੇ ਦੇ ਪ੍ਰੀਟਿੰਗ ਮਾਹਿਰ ਡਿਜ਼ਾਇਨਰ ਨਾਲ਼ ਮਿਲ ਕੇ ਕੰਮ ਕਰਦੇ ਹਨ ਅਤੇ ਇੱਕ ਡਿਜ਼ਾਇਨ ਦੀ ਚੋਣ ਕੀਤੀ ਜਾਂਦੀ ਹੈ। ਚੁਣੇ ਗਏ ਡਿਜ਼ਾਇਨ ਦਾ ਇੱਕ ਨਮੂਨਾ ਤਿਆਰ ਕੀਤਾ ਜਾਂਦਾ ਹੈ। ਵੇਚ ਅਤੇ ਬਜ਼ਾਰੀਕਰਨ ਵਾਲ਼ੇ ਮਾਹਿਰਾਂ ਦੀ ਟੀਮ ਇਸ ਡਿਜ਼ਾਇਨ ਦਾ ਪ੍ਰਚਾਰ ਕਰਦੀ ਹੈ ਅਤੇ ਇਸ ਡਿਜ਼ਾਇਨ ਨੂੰ ਵੱਡੀ ਮਾਤਰਾ ਵਿੱਚ ਤਿਆਰ ਕਰਨ ਤੋਂ ਪਹਿਲਾਂ ਲੋਕਾਂ ਦੇ ਪਸੰਦ ਨਾਪਸੰਦ ਦੀ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ।

## ਕੱਪੜਾ ਉਦਯੋਗ ਵਿੱਚ ਦਾਖਲਾ :

ਕੱਪੜਾ ਉਦਯੋਗ ਵਿੱਚ ਕੱਪੜਾ ਡਿਜ਼ਾਇਨਰ ਦੀ ਅਹਿਮ ਭੂਮਿਕਾ ਹੈ। ਇਹ ਇੱਕ ਵਿਲੱਖਣ ਕਿੱਤਾ ਹੈ ਜਿਸ ਲਈ ਟ੍ਰੇਨਿੰਗ ਦੀ ਬਹੁਤ ਜ਼ਰੂਰਤ ਹੈ। ਕੋਈ ਵੀ ਵਿਦਿਆਰਥੀ ਫੈਸ਼ਨ ਡਿਜ਼ਾਇਨਿੰਗ, ਟੈਕਸਟਾਇਲ ਇੰਜੀਨੀਅਰਰਿੰਗ ਅਤੇ ਪ੍ਰੋਡਕਸ਼ਨ ਮੈਨੇਜਮੈਂਟ ਆਦਿ ਵਿੱਚ ਡਿਪਲੋਮਾ ਜਾਂ ਡਿਗਰੀ ਕਰ ਕੇ ਕੱਪੜਾ ਉਦਯੋਗ ਵਿੱਚ ਆਪਣਾ ਭਵਿੱਖ ਬਣਾ ਸਕਦਾ ਹੈ। ਅਜੋਕੇ ਸਮੇਂ ਵਿੱਚ ਕੋਈ ਵੀ ਕਿੱਤਾ ਅਜਿਹਾ ਨਹੀਂ ਜਿਸ ਵਿੱਚ ਕੰਪਿਊਟਰ ਦੀ ਵਰਤੋਂ ਨਹੀਂ ਕੀਤੀ ਜਾਂਦੀ। ਕੱਪੜਾ ਉਦਯੋਗ ਵਿੱਚ ਵੀ ਡਿਜ਼ਾਇਨ ਕੰਪਿਊਟਰ ਵਿੱਚ ਹੀ ਤਿਆਰ ਕੀਤੇ ਜਾਂਦੇ ਹਨ। ਕੱਪੜਾ ਉਦਯੋਗ ਵਿੱਚ ਕੰਮ ਕਰਨ ਲਈ ਕੰਪਿਊਟਰ ਦੀ ਜਾਣਕਾਰੀ ਅਤੇ ਕੰਪਿਊਟਰ ਵਿੱਚ ਡਿਜ਼ਾਇਨ ਤਿਆਰ ਕਰਨ ਵਿੱਚ ਮੁਹਾਰਤ ਹਾਸਲ ਹੋਣਾ ਬਹੁਤ ਜ਼ਰੂਰੀ ਹੈ।

ਕੱਪੜਾ ਉਦਯੋਗ ਵਿੱਚ ਦਾਖ਼ਲੇ ਲਈ ਮੁਢਲੀ ਵਿੱਦਿਅਕ ਯੋਗਤਾ ਦਸਵੀਂ ਜਾਂ ਬਾਰ੍ਹਵੀਂ ਹੈ। ਇੱਕ ਲਿਖਤੀ ਦਾਖ਼ਲਾ ਪਰੀਖਿਆ ਜਾਂ ਇੰਟਰਵਿਊ ਦੇਣ ਉਪਰੰਤ ਕੱਪੜਾ ਉਦਯੋਗ ਨਾਲ਼ ਸੰਬੰਧਿਤ ਕੋਰਸਾਂ ਵਿੱਚ ਦਾਖ਼ਲਾ ਹਾਸਲ

ਕੀਤਾ ਜਾ ਸਕਦਾ ਹੈ । ਇਸ ਕਲਾਕਾਰੀ ਵਾਲੇ ਖੇਤਰ ਵਿੱਚ ਵਿਲੱਖਣ ਸਮਝਦਾਰੀ ਹੋਣਾ ਬਹੁਤ ਜ਼ਰੂਰੀ ਹੈ । ਗ੍ਰੈਜੂਏਸ਼ਨ ਅਤੇ ਮਾਸਟਰ ਡਿਗਰੀ ਪੱਧਰ 'ਤੇ ਕੋਰਸ ਵੱਖ-ਵੱਖ ਵਿਦਿੱਅਕ ਅਦਾਰਿਆਂ ਵੱਲੋਂ ਕਰਵਾਏ ਜਾਂਦੇ ਹਨ। ਪੰਜਾਬ ਤਕਨੀਕੀ ਸਿੱਖਿਆ ਬੋਰਡ, ਚੰਡੀਗੜ੍ਹ ਵੱਲੋਂ ਦਸਵੀਂ ਤੋਂ ਬਾਅਦ ਸਾਂਝੀ ਦਾਖ਼ਲਾ ਪਰੀਖਿਆ ਕਰਵਾਈ ਜਾਂਦੀ ਹੈ ਜਿਸ ਉਪਰੰਤ ਟੈਕਸਟਾਇਲ ਇੰਜਿਨੀਅਰਿੰਗ ਅਤੇ ਫੈਸ਼ਨ ਡਿਜ਼ਾਇਨ ਵਿੱਚ ਤਿੰਨ ਸਾਲਾ ਡਿਪਲੋਮਾ ਕੀਤਾ ਜਾ ਸਕਦਾ ਹੈ । ਪੰਜਾਬ ਦੀਆਂ ਸਰਕਾਰੀ ਅਤੇ ਗੈਰਸਰਕਾਰੀ ਉਦਯੋਗਿਕ ਸੰਸਥਾਵਾਂ ਵਿੱਚ ਵੀ ਇੱਕ-ਇੱਕ ਸਾਲ ਦੇ ਡਿਪਲੋਮਾ ਕੋਰਸ ਸਿਲਾਈ ਅਤੇ ਕਢਾਈ, ਕਢਾਈ ਅਤੇ ਨੀਡਲ ਵਰਕ ਵਿੱਚ ਕਰਵਾਏ ਜਾਂਦੇ ਹਨ । ਗੁਰੂ ਨਾਨਕ ਦੇਵ ਯੂਨਿਵਰਸਿਟੀ, ਅੰਮ੍ਰਿਤਸਰ ਅਤੇ ਪੰਜਾਬ ਟੈਕਨੀਕਲ ਯੂਨਿਵਰਸਿਟੀ, ਜਲੰਧਰ ਵੱਲੋਂ ਬੀ.ਐੱਸ.ਸੀ.(ਫੈਸ਼ਨ ਡਿਜ਼ਾਇਨ) ਅਤੇ ਐੱਮ.ਐੱਸ.ਸੀ. (ਫੈਸ਼ਨ ਡਿਜ਼ਾਇਨ) ਦੇ ਕੋਰਸ ਵੀ ਕਰਵਾਏ ਜਾਂਦੇ ਹਨ । ਇਸ ਤੋਂ ਇਲਾਵਾ National Institute of Design (NID), Ahmedabad ਅਤੇ National Institute of Fashion Technology (NIFT), New Delhi, Mumbai, Chennai, Gandhi Nagar ਅਤੇ Hydrabad ਵੱਲੋਂ ਵੀ ਟੈਕਸਟਾਇਲ ਡਿਜ਼ਾਇਨਿੰਗ ਦੇ ਕੋਰਸ ਕਰਵਾਏ ਜਾਂਦੇ ਹਨ। ਇਹਨਾਂ ਕੋਰਸਾਂ ਨੂੰ ਕਰਨ ਤੋਂ ਬਾਅਦ ਕੱਪੜਾ ਉਦਯੋਗ ਵਿੱਚ ਕੋਈ ਵੀ ਵਿਦਿਆਰਥੀ ਆਪਣਾ ਕੈਰੀਅਰ ਬਣਾ ਸਕਦਾ ਹੈ ।

## ਕੱਪੜਾ ਉਦਯੋਗ ਵਿੱਚ ਨੌਕਰੀਆਂ ਅਤੇ ਵਿਸਥਾਰ:

ਕੱਪੜੇ ਦਾ ਡਿਜ਼ਾਇਨ ਤਿਆਰ ਕਰਨਾ ਇੱਕ ਕਲਾਤਮਕ ਕੰਮ ਹੈ। ਇਸ ਉਦਯੋਗ ਦੀਆਂ ਵੱਖ-ਵੱਖ ਇਕਾਈਆਂ ਜਿਵੇਂ ਕੱਪੜਾ ਮਿੱਲ, ਰੰਗਾਈ, ਪ੍ਰਿੰਟਿੰਗ, ਬੁਣਾਈ ਅਤੇ ਫੈਸ਼ਨ ਘਰਾਂ ਆਦਿ ਵਿੱਚ ਤਜ਼ਰਬੇਕਾਰ ਵਿਅਕਤੀਆਂ ਦੀ ਜ਼ਰੂਰਤ ਹੈ । ਇੱਕ ਤਾਜ਼ਾ ਸਰਵੇਖਣ ਅਨੁਸਾਰ ਭਾਰਤ ਦੁਨੀਆ ਦਾ ਦੂਜਾ ਅਜਿਹਾ ਦੇਸ਼ ਹੈ ਜਿੱਥੇ ਸਭ ਤੋਂ ਵੱਧ ਕੱਪੜਾ ਤਿਆਰ ਕੀਤਾ ਜਾਂਦਾ ਹੈ । ਚੀਨ ਕੱਪੜਾ ਤਿਆਰ ਕਰਨ ਵਿੱਚ ਪਹਿਲੇ ਨੰਬਰ 'ਤੇ ਹੈ । ਇਹ ਚੀਨ ਅਤੇ ਅਮਰੀਕਾ ਤੋਂ ਬਾਅਦ ਭਾਰਤ ਦੁਨੀਆ ਦਾ ਤੀਜਾ ਅਜਿਹਾ ਦੇਸ਼ ਹੈ ਜਿਥੇ ਸਭ ਤੋਂ ਜ਼ਿਆਦਾ ਸੂਤੀ ਕੱਪੜਾ ਤਿਆਰ ਕੀਤਾ ਜਾਂਦਾ ਹੈ । ਚੀਨ ਤੋਂ ਬਾਅਦ ਭਾਰਤ ਦੁਨੀਆ ਦਾ ਦੂਜਾ ਅਜਿਹਾ ਦੇਸ ਹੈ ਜਿੱਥੇ ਸੂਤੀ ਕੱਪੜੇ ਦੀ ਵਰਤੋਂ ਕੀਤੀ ਜਾਂਦੀ ਹੈ । ਇਹਨਾਂ ਸਰਵੇਖਣਾਂ ਨੂੰ ਦੇਖਦਿਆਂ ਹੋਇਆਂ ਕਿਹਾ ਜਾ ਸਕਦਾ ਹੈ ਕਿ ਇਸ ਉਦਯੋਗ ਵਿੱਚ ਕੈਰੀਅਰ ਬਾਰੇ ਸੋਚਣਾ ਇੱਕ ਲਾਹੇਵੰਦ ਸੋਚ ਹੈ । ਇਸ ਉਦਯੋਗ ਵਿੱਚ ਅੱਗੇ ਵਾਧੇ ਦੇ ਬਹੁਤ ਸਾਰੇ ਆਸਾਰ ਹਨ ।

*(Source – Competition Refresher, Bright's Career, After +2 and Beyond)*

# ਫ਼ਾਈਨ ਆਰਟਸ (Fine Arts)

ਜਿਨ੍ਹਾਂ ਵਿਦਿਆਰਥੀਆਂ ਵਿੱਚ ਡਰਾਇੰਗ, ਪੇਂਟਿੰਗ, ਮੂਰਤੀਕਲਾ ਜਾਂ ਸਿਰਜਣਾਤਮਕ ਅਤੇ ਭਾਵਨਾਤਮਕ ਗੁਣ ਹੋਣ, ਉਹ ਵਿਦਿਆਰਥੀ ਫ਼ਾਈਨ ਆਰਟਸ ਵਿੱਚ ਡਿਪਲੋਮਾ ਜਾਂ ਡਿਗਰੀ ਕੋਰਸ ਕਰਕੇ ਆਪਣਾ ਵਧੀਆ ਭਵਿੱਖ ਬਣਾ ਸਕਦੇ ਹਨ। ਇਸ ਤਰਾਂ ਉਹ ਆਪਣਾ ਸ਼ੌਕ ਵੀ ਪੂਰਾ ਕਰ ਸਕਦੇ ਹਨ ਅਤੇ ਨਾਲ਼ ਹੀ ਦੌਲਤ ਅਤੇ ਸ਼ੁਹਰਤ ਵੀ ਕਮਾ ਸਕਦੇ ਹਨ। ਅੱਜ ਦੇ ਸਮੇਂ ਵਿੱਚ ਇਨਾਂ ਕੋਰਸਾਂ ਦੀ ਭਰਪੂਰ ਮੰਗ ਹੈ। ਆਓ ਇਹਨਾਂ ਕੋਰਸਾਂ ਬਾਰੇ ਜਾਣਕਾਰੀ ਲੈਂਦੇ ਹਾਂ।

## ਡਿਪਲੋਮਾ ਇਨ ਫ਼ਾਈਨ ਆਰਟਸ (ਡੀ.ਐੱਫ.ਏ):

ਇਹ ਇੱਕ ਸਰਟੀਫ਼ਿਕੇਟ ਕੋਰਸ ਹੈ। ਬਾਰ੍ਹਵੀਂ ਪਾਸ ਕਰਨ ਤੋਂ ਬਾਅਦ ਵਿਦਿਆਰਥੀ ਇਹ ਡਿਪਲੋਮਾ ਕੋਰਸ ਕਰ ਸਕਦੇ ਹਨ। ਇਹ ਕੋਰਸ ਇੱਕ ਸਾਲ ਦਾ ਹੈ। ਇਹ ਕੋਰਸ ਕਰਨ ਲਈ ਵਿਦਿਆਰਥੀ ਦੁਆਰਾ 10+2 ਵਿੱਚੋਂ ਘੱਟੋ ਘੱਟ 50% ਅੰਕ ਪ੍ਰਾਪਤ ਕੀਤੇ ਹੋਣੇ ਜ਼ਰੂਰੀ ਹਨ। ਰਾਖਵੀਆਂ ਸ੍ਰੇਣੀਆਂ ਲਈ 45% ਨੰਬਰ ਲੈਣਾ ਲਾਜ਼ਮੀ ਹੈ। ਇਸ ਤੋਂ ਇਲਾਵਾ ਵੱਖ-ਵੱਖ ਸੰਸਥਾਵਾਂ ਵੱਲੋਂ ਨੰਬਰਾਂ ਦੀ ਪ੍ਰਤੀਸ਼ਤਤਾ ਅਲੱਗ-ਅਲੱਗ ਵੀ ਹੋ ਸਕਦੀ ਹੈ।

## ਦਾਖ਼ਲੇ ਦੀ ਵਿਧੀ:

ਦਾਖ਼ਲੇ ਦੀ ਵਿਧੀ ਮੈਰਿਟ ਅਧਾਰਿਤ ਜਾਂ ਦਾਖ਼ਲਾ ਪਰੀਖਿਆ 'ਤੇ ਅਧਾਰਿਤ ਹੋ ਸਕਦੀ ਹੈ। ਇਹ ਵਿਧੀ ਵੀ ਅਲੱਗ-ਅਲੱਗ ਸੰਸਥਾਵਾਂ ਵੱਲੋਂ ਆਪਣੇ ਤੌਰ 'ਤੇ ਨਿਰਧਾਰਿਤ ਕੀਤੀ ਜਾਂਦੀ ਹੈ । ਇਹ ਡਿਪਲੋਮਾ ਕੋਰਸ ਕਰਨ ਤੋਂ ਬਾਅਦ ਵਿਦਿਆਰਥੀ ਗ੍ਰਾਫ ਡਿਜ਼ਾਇਨਿੰਗ, ਫਲੈਸ਼ ਐਨੀਮੇਸ਼ਨ, ਅਧਿਆਪਨ ਆਦਿ ਵਿੱਚ ਆਪਣਾ ਭਵਿੱਖ ਬਣਾ ਸਕਦੇ ਹਨ। ਇਸ ਵਿਸ਼ਾ ਲਿਖਤੀ (Theoretical) ਹੋਣ ਦੇ ਨਾਲ਼-ਨਾਲ਼ ਪ੍ਰਯੋਗੀ(Practical) ਵੀ ਹੈ । ਕੁੱਝ ਨਾਮਵਰ ਸੰਸਥਾਵਾਂ ਜਿਨ੍ਹਾਂ ਤੋਂ ਇਹ ਕੋਰਸ ਕੀਤਾ ਜਾ ਸਕਦਾ ਹੈ, ਹੇਠ ਲਿਖੇ ਅਨੁਸਾਰ ਹਨ:

1. ਐੱਫ.ਏ.ਡੀ. ਅੰਤਰਰਾਸ਼ਟਰੀ ਅਕੈਡਮੀ, ਪੂਨਾ
2. ਐੱਮ.ਆਈ.ਟੀ. ਇੰਸੀਟਿਊਟ ਆੱਫ਼ ਡਿਜ਼ਾਇਨ, ਪੂਨਾ
3. ਪੈਸੀਫ਼ਿਕ ਯੂਨੀਵਰਸਿਟੀ, ਉਦੇਪੁਰ
4. ਦਿੱਲੀ ਕਾਲਜ ਆੱਫ਼ ਆਰਟ, ਨਵੀਂ ਦਿੱਲੀ
5. ਐੱਫ.ਏ.ਡੀ. ਅੰਤਰਰਾਸ਼ਟਰੀ ਅਕੈਡਮੀ, ਮੁੰਬਈ
6. ਗ੍ਰੈਫਿਟੀ ਇੰਸੀਟਿਊਟ ਆੱਫ਼ ਫੈਸ਼ਨ ਟੈਕਨਾਲੋਜੀ, ਇੰਦੋਰ
7. ਹਿਮਾਂਸ਼ੂ ਆਰਟ ਇੰਸੀਟਿਊਟ, ਨਵੀਂ ਦਿੱਲੀ
8. ਇੰਦਰਾ ਗਾਂਧੀ ਪੋਲਿਟੈਕਨਿਕ ਫਾਰ ਵੋਮੈਨ, ਨਵੀਂ ਦਿੱਲੀ
9. ਇੰਸੀਟਿਊਟ ਆੱਫ਼ ਡਿਜ਼ਾਇਨ, ਚੇਨਈ
10. ਇੰਸੀਟਿਊਟ ਆੱਫ਼ ਫ਼ਾਈਨ ਆਰਟ, ਚੰਡੀਗੜ੍ਹ

# ਬੈਚਲਰ ਔੱਫ ਫ਼ਾਈਨ ਆਰਟਸ (ਬੀ.ਐੱਫ.ਏ.)

ਇਹ ਇੱਕ ਚਾਰ ਸਾਲਾ ਡਿਗਰੀ ਕੋਰਸ ਹੈ। ਬਾਰ੍ਹਵੀਂ ਜਮਾਤ ਪਾਸ ਕਰਨ ਤੋਂ ਬਾਅਦ ਵਿਦਿਆਰਥੀ ਬੀ.ਐੱਫ.ਏ. ਵਿੱਚ ਦਾਖ਼ਲਾ ਲੈ ਸਕਦਾ ਹੈ। ਇਸ ਕੋਰਸ ਲਈ ਬਾਰਵੀਂ ਦੀ ਪੜ੍ਹਾਈ ਕਿਸੇ ਵੀ ਵਿਸ਼ੇ ਵਿੱਚ ਪਾਸ ਕੀਤੀ ਹੋ ਸਕਦੀ ਹੈ। ਆਰਟਸ ਵਾਲੇ ਵਿਦਿਆਰਥੀਆਂ ਲਈ ਇਹ ਇੱਕ ਵਧੀਆ ਵਿਕਲਪ ਹੈ। ਇਹ ਕੋਰਸ ਵਿਜ਼ੂਅਲ ਅਤੇ ਪਰਫ਼ਾਰਮਿੰਗ ਆਰਟਸ ਨਾਲ਼ ਸੰਬੰਧ ਰੱਖਦਾ ਹੈ । ਇਸ ਕੋਰਸ ਨੂੰ ਬੈਚਲਰ ਔੱਫ਼ ਵਿਜ਼ੂਅਲ ਆਰਟਸ (ਬੀ.ਵੀ.ਏ.) ਦੇ ਨਾਂ ਨਾਲ਼ ਵੀ ਜਾਣਿਆ ਜਾਂਦਾ ਹੈ । ਵਿਜ਼ੂਅਲ ਆਰਟਸ ਵਿੱਚ ਡਰਾਇੰਗ, ਪੇਂਟਿੰਗ, ਮੂਰਤੀਕਲਾ, ਫੋਟੋਗ੍ਰਾਫ਼ੀ ਅਤੇ ਐਨੀਮੇਸ਼ਨ ਆਦਿ ਵਿਸ਼ੇ ਆਉਂਦੇ ਹਨ। ਦੂਸਰੇ ਪਾਸੇ ਪਰਫ਼ਾਰਮਿੰਗ ਆਰਟਸ ਵਿੱਚ ਡਾਂਸ, ਥਿਏਟਰ ਅਤੇ ਸੰਗੀਤ ਆਦਿ ਵਿਸ਼ੇ ਪੜ੍ਹਾਏ ਜਾਂਦੇ ਹਨ। ਵਿਦਿਆਰਥੀ ਇਹਨਾਂ ਵਿੱਚੋਂ ਕੋਈ ਵੀ ਵਿਸ਼ਾ ਆਪਣੀ ਰੁਚੀ ਅਤੇ ਕਾਬਲੀਅਤ ਅਨੁਸਾਰ ਚੁਣ ਸਕਦਾ ਹੈ। ਇਹ ਕੋਰਸ ਉਮੀਦਵਾਰ ਦੀ ਕਲਾ ਨੂੰ ਨਿਖਾਰਨ ਦੇ ਨਾਲ਼-ਨਾਲ਼ ਉਸ ਅੰਦਰ ਛੁੱਪੇ ਹੋਏ ਕਲਾਕਾਰ ਨੂੰ ਵੀ ਬਾਹਰ ਕੱਢਣ ਵਿੱਚ ਸਹਾਈ ਹੁੰਦਾ ਹੈ ਅਤੇ ਉਸ ਦੀ ਕਲਾ ਨੂੰ ਸੰਸਾਰ ਦੇ ਸਾਹਮਣੇ ਦ੍ਰਿਸਟੀਮਾਣ ਕਰਦਾ ਹੈ । ਵਿਦਿਆਰਥੀ ਨੂੰ ਇਸ ਕੋਰਸ ਵਿੱਚ ਲਿਖਤੀ ਦੇ ਨਾਲ਼-ਨਾਲ਼ ਪ੍ਰਯੋਗੀ ਕੰਮ ਕਰਨ ਲਈ ਵੀ ਕੁਸ਼ਲ ਬਣਾਇਆ ਜਾਂਦਾ ਹੈ।

## ਵਿੱਦਿਅਕ ਯੋਗਤਾ:

ਇਸ ਕੋਰਸ ਵਿੱਚ ਦਾਖ਼ਲੇ ਲਈ ਉਮੀਦਵਾਰ ਨੇ ਬਾਰ੍ਹਵੀਂ ਜਮਾਤ ਕਿਸੇ ਵੀ ਮਾਨਤਾ ਪ੍ਰਾਪਤ ਬੋਰਡ/ਯੂਨੀਵਰਸਿਟੀ ਤੋਂ ਘੱਟੋ-ਘੱਟ 50% ਅੰਕਾਂ ਨਾਲ਼ ਪਾਸ ਕੀਤੀ ਹੋਵੇ। ਰਾਖਵੀਆਂ ਸ੍ਰੇਣੀਆਂ ਲਈ 45% ਨੰਬਰ ਲੈਣਾ ਲਾਜ਼ਮੀ ਹੈ । ਕੁੱਝ ਸੰਸਥਾਵਾਂ ਵੱਲੋਂ ਮੈਰਿਟ ਦੇ ਆਧਾਰ 'ਤੇ ਦਾਖ਼ਲਾ ਦਿੱਤਾ ਜਾਂਦਾ ਹੈ। ਨਾਮਵਰ ਸੰਸਥਾਵਾਂ ਵੱਲੋਂ ਦਾਖ਼ਲੇ ਲਈ ਦਾਖ਼ਲਾ ਪਰੀਖਿਆ ਲਈ ਜਾਂਦੀ ਹੈ ਅਤੇ ਦਾਖ਼ਲਾ ਪਰੀਖਿਆ ਪਾਸ ਕਰਨ ਵਾਲ਼ੇ ਉਮੀਦਵਾਰ ਨੂੰ ਹੀ ਦਾਖ਼ਲਾ ਦਿੱਤਾ ਜਾਂਦਾ ਹੈ। ਇਸ ਪ੍ਰਕਾਰ ਵੱਖ-ਵੱਖ ਸੰਸਥਾਵਾਂ ਵੱਲੋਂ ਦਾਖ਼ਲੇ ਦੀ ਵਿਧੀ ਅਤੇ ਨੰਬਰਾਂ ਦੀ ਪ੍ਰਤੀਸ਼ਤਤਾ ਆਪਣੇ ਤੌਰ ‘ਤੇ ਨਿਰਧਾਰਿਤ ਕੀਤੀ ਜਾਂਦੀ ਹੈ।

## ਕੋਰਸ ਪਾਠਕ੍ਰਮ:

ਬੀ.ਐਫ ਦੇ ਪਾਠਕ੍ਰਮ ਵਿੱਚ ਬਹੁਤ ਸਾਰੀਆਂ ਆਪਸ਼ਨਾਂ ਸ਼ਾਮਲ ਹਨ। ਜਿਵੇਂ ਕਿ:

1. ਪੇਂਟਿੰਗ
2. ਅਪਲਾਇਡ ਆਰਟਸ
3. ਪਲਾਸਟਿਕ ਆਰਟਸ
4. ਟੈਕਸਟਾਈਲ ਡਿਜ਼ਾਇਨ
5. ਨਾਟਕ ਅਤੇ ਥੀਏਟਰ
6. ਕੈਲੀਗ੍ਰਾਫ਼ੀ
7. ਨਾਚ
8. ਪੇਂਟਮੇਕਿੰਗ
9. ਭਾਂਡੇ ਅਤੇ ਸੈਰਾਮਿਕਸ
10. ਸੰਗੀਤ
11. ਡਿਜ਼ੀਟਲ ਆਰਟ

12. ਕਾਰਟੂਨਿੰਗ

13. ਗ੍ਰਾਫ਼ਿਕ ਡਿਜ਼ਾਇਨਿੰਗ

14. ਫੋਟੋਗ੍ਰਾਫ਼ੀ

15. ਮੂਰਤੀ ਕਲਾ ਆਦਿ ।

ਉਮੀਦਵਾਰ ਇਹਨਾਂ ਸਾਰੀਆਂ ਔੱਪਸ਼ਨਾਂ ਵਿੱਚੋਂ ਆਪਣੀ ਰੁਚੀ ਅਤੇ ਕਾਬਲੀਅਤ ਅਨੁਸਾਰ ਕੋਈ ਵੀ ਔੱਪਸ਼ਨ ਚੁਣ ਸਕਦਾ ਹੈ। ਸਭ ਤੋਂ ਵੱਧ ਕੀਤਾ ਜਾਣ ਵਾਲ਼ਾ ਕੋਰਸ ਅਪਲਾਇਡ ਆਰਟਸ ਹੈ।

## List of Top BFA Colleges in India:

- Kamla Nehru College for Women (KNC) Kapurthala Punjab.
- Chhatrapati Shahuji Maharaj University (CSJMU) Kanpur Uttar Pradesh.
- Chandigarh University (CU) Chandigarh.
- University of Lucknow (LU) Lucknow Uttar Pradesh.

### NIMS University , Jaipur Rajasthan ਨੌਕਰੀਆਂ:

ਕਲਾ ਦੇ ਖੇਤਰ ਵਿੱਚ ਡਿਗਰੀ ਕਰਨ ਤੋਂ ਬਾਅਦ ਉਮੀਦਵਾਰ ਕੋਲ਼ ਭਾਰਤ ਵਿੱਚ ਬਹੁਤ ਸਾਰੇ ਅਜਿਹੇ ਖੇਤਰ ਹਨ ਜਿਥੇ ਉਹ ਇੱਕ ਚੰਗੀ ਨੌਕਰੀ ਪ੍ਰਾਪਤ ਕਰ ਸਕਦਾ ਹੈ। ਭਾਰਤ ਵਿੱਚ ਫ਼ਾਈਨ ਆਰਟਸ ਦੀ ਡਿਗਰੀ ਹਾਸਲ ਕਰਨ ਵਾਲ਼ੇ ਉਮੀਦਵਾਰਾਂ ਲਈ ਬਹੁਤ ਸਾਰੇ ਅਦਾਰਿਆਂ ਵਿੱਚ ਨੌਕਰੀਆਂ ਉਪਲਭਧ ਹਨ। ਜਿਵੇ: ਸਿਨੇਮਾ, ਟੈਲੀਵਿਜ਼ਨ, ਐਨੀਮੇਸ਼ਨ, ਇਸ਼ਤਿਹਾਰਬਾਜੀ, ਆਰਟ ਸਟੂਡੀਓਜ਼, ਪਬਲਿਸ਼ਿੰਗ ਅਤੇ ਵਿੱਦਿਅਕ ਅਦਾਰੇ ਆਦਿ।

**1. ਕਲਾ ਅਧਿਆਪਕ (Art Teacher):**

ਜੇਕਰ ਉਮੀਦਵਾਰ ਪੇਂਟਿੰਗ ਅਤੇ ਮੂਰਤੀਕਾਰੀ ਦੇ ਖੇਤਰ ਵਿੱਚ ਬੀ.ਐਫ.ਏ. ਦੀ ਡਿਗਰੀ ਪ੍ਰਾਪਤ ਕਰਦਾ ਹੈ ਤਾਂ ਉਹ ਇੱਕ ਕਲਾ/ਡਰਾਇੰਗ ਅਧਿਆਪਕ ਬਣਕੇ ਸਰਕਾਰੀ/ਪ੍ਰਾਈਵੇਟ ਵਿੱਦਿਅਕ ਸੰਸਥਾਵਾਂ ਵਿੱਚ ਬਤੌਰ ਕਲਾ ਅਧਿਆਪਕ ਨੌਕਰੀ ਪ੍ਰਾਪਤ ਕਰ ਸਕਦਾ ਹੈ ਅਤੇ ਆਪਣੀ ਕਲਾ ਦੂਸਰਿਆਂ ਨੂੰ ਵੀ ਸਿਖਾ ਸਕਦਾ ਹੈ।

**2.ਫ਼ਾਈਨ ਆਰਟਿਸਟ (Fine Artist):**

ਫ਼ਾਈਨ ਆਰਟਿਸਟ ਵੱਖ-ਵੱਖ ਤਕਨੀਕਾਂ ਦੀ ਵਰਤੋਂ ਕਰਕੇ ਇੱਕ ਵਧੀਆ ਕਲਾਕਾਰੀ ਪੈਦਾ ਕਰ ਸਕਦਾ ਹੈ। ਇੱਕ ਫ਼ਾਈਨ ਆਰਟਿਸਟ ਪੇਂਟਰ, ਮੂਰਤੀਕਾਰ, ਚਿੱਤਰਕਾਰ ਜਾਂ ਪ੍ਰਿੰਟਮੇਕਰ ਵੱਜੋਂ ਆਰਟ ਸਟੂਡੀਓਜ਼, ਡਿਜ਼ਾਇਨ ਕੰਪਨੀਆਂ, ਪਬਲੀਕੇਸ਼ਨ ਘਰਾਂ ਵਿੱਚ ਕੰਮ ਕਰ ਸਕਦਾ ਹੈ।

**3. ਅਦਾਕਾਰ (Actor):**

ਜੋ ਉਮੀਦਵਾਰ ਥਿਏਟਰ ਦੇ ਖੇਤਰ ਵਿੱਚ ਬੀ.ਐੱਫ.ਏ. ਦੀ ਡਿਗਰੀ ਪ੍ਰਾਪਤ ਕਰਦੇ ਹਨ, ਉਹ ਪਰਦੇ ਜਾਂ ਸਟੇਜ਼ 'ਤੇ ਇੱਕ ਅਭਿਨੇਤਾ ਦੇ ਰੂਪ ਵਿੱਚ ਕੰਮ ਕਰਨ ਲਈ ਅੱਗੇ ਆ ਸਕਦੇ ਹਨ । ਅਭਿਨੇਤਾ ਵੱਜੋਂ ਉਮੀਦਵਾਰ ਟੈਲੀਵਿਜ਼ਨ, ਫ਼ਿਲਮ, ਥਿਏਟਰ ਅਤੇ ਹੋਰ ਪ੍ਰਦਰਸ਼ਨਕਾਰੀ ਕਲਾ ਮੀਡੀਆ ਵਿੱਚ ਕੰਮ ਕਰ ਸਕਦੇ ਹਨ । ਉਮੀਦਵਾਰ ਇਸ ਖੇਤਰ ਵਿੱਚ ਨਾਮ-ਦੌਲਤ ਅਤੇ ਸ਼ੋਹਰਤ ਪ੍ਰਾਪਤ ਕਰ ਸਕਦਾ ਹੈ।

**4. ਮਲਟੀਮੀਡੀਆ ਕਲਾਕਾਰ (Multimedia Artist):**

ਜੋ ਉਮੀਦਵਾਰ ਮਲਟੀਮੀਡੀਆ ਵਿੱਚ ਬੀ.ਐੱਫ.ਏ. ਦੀ ਡਿਗਰੀ ਪ੍ਰਾਪਤ ਕਰਦੇ ਹਨ, ਉਹਨਾਂ ਨੂੰ ਐਨੀਮੇਸ਼ਨ ਅਤੇ ਸਟੋਰੀ ਬੋਰਡ ਦੀ ਜ਼ਿਮੇਵਾਰੀ ਦਿੱਤੀ ਜਾਂਦੀ ਹੈ । ਅਜਿਹੇ ਉਮੀਦਵਾਰ ਆਮ ਤੌਰ 'ਤੇ ਵਿਗਿਆਪਨ ਏਜੰਸੀਆਂ, ਸਾਫ਼ਟਵੇਅਰ, ਗੇਮਿੰਗ, ਡਿਜ਼ਾਈਨਿੰਗ ਅਤੇ ਟੈਲੀਵਿਜ਼ਨ ਕੰਪਨੀਆਂ ਵਿੱਚ ਕੰਮ ਕਰਦੇ ਹਨ।

**5. ਕਲਾ ਨਿਰਦੇਸ਼ਕ (Art Director):**

ਜੋ ਉਮੀਦਵਾਰ ਗ੍ਰਾਫ਼ਿਕ ਡਿਜ਼ਾਇਨ ਜਾਂ ਮਲਟੀਮੀਡੀਆ ਦੇ ਖੇਤਰ ਵਿੱਚ ਬੀ.ਐੱਫ.ਏ. ਦੀ ਡਿਗਰੀ ਪ੍ਰਾਪਤ ਕਰਦੇ ਹਨ, ਉਹ ਕਲਾ ਨਿਰਦੇਸ਼ਕ ਬਣ ਸਕਦੇ ਹਨ। ਇੱਕ ਕਲਾ ਨਿਰਦੇਸ਼ਕ ਕਲਾਕਾਰੀ, ਕਾਪੀ ਦੇ ਲੇਆਊਟ ਅਤੇ ਡਿਜ਼ਾਇਨ ਦੁਆਰਾ ਦਿੱਖ ਅਤੇ ਲਿਖਤ ਸਮੱਗਰੀ ਦੇ ਵਿਕਾਸ ਲਈ ਮਾਰਗਦਰਸ਼ਨ ਕਰਦਾ ਹੈ। ਇੱਕ ਕਲਾ ਨਿਰਦੇਸ਼ਕ ਪਬਲਿਸ਼ਿੰਗ ਹਾਊਸ ਜਾਂ ਵਿਗਿਆਪਨ ਏਜੰਸੀਆਂ ਲਈ ਕੰਮ ਕਰਦਾ ਹੈ।

**6. ਲੇਖਕ (Writer):**

ਜੋ ਉਮੀਦਵਾਰ ਰਚਨਾਤਮਕ ਲਿਖਾਈ (Creative Writing) ਦੇ ਖੇਤਰ ਵਿੱਚ ਬੀ.ਐੱਫ.ਏ. ਦੀ ਡਿਗਰੀ ਹਾਸਲ ਕਰਦੇ ਹਨ ਉਹ ਸਿਰਜਣਾਤਮਕ ਲੇਖਕ, ਤਕਨੀਕੀ ਲੇਖਕ ਅਤੇ ਕਾਪੀਰਾਈਟਰ (Copywriter) ਵੱਜੋਂ ਨੌਕਰੀ ਪ੍ਰਾਪਤ ਕਰ ਸਕਦੇ ਹਨ । ਇੱਕ ਲੇਖਕ ਇਸ਼ਤਿਹਾਰਬਾਜ਼ੀ ਏਜੰਸੀਆਂ, ਪ੍ਰਸਾਰਣ ਕੰਪਨੀਆਂ (broadcast companies) ਅਖ਼ਬਾਰ ਜਾਂ ਪਬਲਿਸ਼ਿੰਗ ਹਾਊਸ ਵਿੱਚ ਕੰਮ ਕਰ ਸਕਦਾ ਹੈ । ਜੋ ਕਿ ਰੁਜ਼ਗਾਰ ਦਾ ਬਹੁਤ ਵਧੀਆ ਸਾਧਨ ਹੈ।

**7. ਚਿੱਤਰਕਾਰ (Painter):**

ਪੇਂਟਿੰਗ ਦੇ ਖੇਤਰ ਵਿੱਚ BFA ਦੀ ਡਿਗਰੀ ਪ੍ਰਾਪਤ ਕਰਕੇ ਉਮੀਦਵਾਰ ਇਸਤਿਹਾਰਬਾਜ਼ੀ ਏਜੰਸੀਆਂ ਜਾਂ ਅਖ਼ਬਾਰ ਕੰਪਨੀਆਂ ਵਿੱਚ ਕੰਮ ਪ੍ਰਾਪਤ ਸਕਦਾ ਹੈ । ਇੱਕ ਪੇਂਟਰ ਸੁਤੰਤਰ ਰੂਪ ਵਿੱਚ ਵੀ ਕੰਮ ਕਰ ਸਕਦਾ ਹੈ। ਆਪਣੀਆਂ ਪੇਂਟਿੰਗਾਂ ਨੂੰ ਕਲਾ ਦੀਆਂ ਗੈਲਰੀਆਂ ਵਿੱਚ ਪ੍ਰਦਰਸ਼ਿਤ ਕਰ ਸਕਦਾ ਹੈ ।

**8. ਗ੍ਰਾਫ਼ਿਕ ਡਿਜ਼ਾਇਨਰ (Graphic Designer):**

ਇੱਕ ਗ੍ਰਾਫ਼ਿਕ ਡਿਜ਼ਾਈਨਰ ਇਸ਼ਤਿਹਾਰਾਂ, ਰਸਾਲਿਆਂ ਅਤੇ ਅਖ਼ਬਾਰਾਂ ਲਈ ਡਿਜ਼ਾਈਨ ਤਿਆਰ ਕਰਦਾ ਹੈ।

**9. ਐਨੀਮੇਟਰ (Animator):**

Animator ਦੇ ਖੇਤਰ ਵਿੱਚ BFA ਦੀ ਡਿਗਰੀ ਪ੍ਰਾਪਤ ਕਰਕੇ ਉਮੀਦਵਾਰ ਇੱਕ ਐਨੀਮੇਟਰ ਦੇ ਤੌਰ 'ਤੇ ਫ਼ਿਲਮਾਂ,ਵੀਡੀਓ ਗੇਮਾਂ, ਕਿਤਾਬਾਂ, ਟੈਲੀਵਿਜ਼ਨ ਆਦਿ ਲਈ ਤਸਵੀਰਾਂ ਅਤੇ ਵੀਡੀਓ ਬਣਾਉਣ ਦਾ ਕੰਮ ਕਰ ਸਕਦਾ ਹੈ।

**10. Art Conservator:-**

Art Conservator ਨੂੰ art restorer ਦੇ ਨਾਂ ਨਾਲ਼ ਵੀ ਜਾਣਿਆ ਜਾਂਦਾ ਹੈ । Art Conservator ਦੇ ਤੌਰ 'ਤੇ ਉਮੀਦਵਾਰ ਕਲਾਕਾਰੀ ਦੇ ਵੱਖ-ਵੱਖ ਰੂਪਾਂ ਜਿਵੇ ਮੂਰਤੀਆਂ, ਪੇਂਟਿੰਗਜ਼, ਕੰਧ ਚਿੱਤਰਾਂ, ਟੈਕਸਟਾਈਲ, ਕਿਤਾਬਾਂ ਆਦਿ ਦੇ ਨੁਕਸਾਨ ਦੀ ਮੁਰੰਮਤ ਦਾ ਕੰਮ ਕਰਦਾ ਹੈ ।

**11. ਸੰਗੀਤਕਾਰ (Musician)**

ਸੰਗੀਤ ਦੇ ਖੇਤਰ ਵਿੱਚ BFA ਦੀ ਡਿਗਰੀ ਪ੍ਰਾਪਤ ਕਰਕੇ ਉਮੀਦਵਾਰ ਸੰਗੀਤਕਾਰ ਦੇ ਤੌਰ 'ਤੇ ਕੰਮ ਕਰ ਸਕਦਾ ਹੈ। ਇੱਕ ਸੰਗੀਤਕਾਰ ਦਾ ਮੁੱਖ ਕੰਮ ਸੰਗੀਤ ਤਿਆਰ ਕਰਨਾ ਅਤੇ ਆਕਰਸ਼ਕ ਧੁਨਾਂ ਬਣਾਉਣਾ ਹੈ । ਇੱਕ ਸੰਗੀਤਕਾਰ ਵੀਡੀਓ ਗੇਮਾਂ, ਵਪਾਰਕ ਜਾਂ ਸਟੇਜ਼ਾਂ ਲਈ ਸੰਗੀਤ ਤਿਆਰ ਕਰ ਸਕਦਾ ਹੈ। ਉਮੀਦਵਾਰ ਆਪਣੇ ਤੌਰ 'ਤੇ ਸੁਤੰਤਰ ਕੰਮ ਵੀ ਕਰ ਸਕਦਾ ਹੈ ਅਤੇ ਵੱਖ-ਵੱਖ ਗੀਤਾਂ ਲਈ ਵੀ ਸੰਗੀਤ ਤਿਆਰ ਕਰ ਸਕਦਾ ਹੈ ।

ਉੱਪਰ ਦਰਸਾਏ ਖੇਤਰਾਂ ਵਿੱਚ ਉਮੀਦਵਾਰ ਕੰਮ ਕਰਕੇ ਆਪਣਾ ਭਵਿੱਖ ਬਹੁਤ ਵਧੀਆ ਬਣਾ ਸਕਦਾ ਹੈ । ਇਸ ਤੋਂ ਇਲਾਵਾ ਕੁੱਝ ਕੰਪਨੀਆਂ ਵੀ ਹਨ, ਜ਼ਿਨ੍ਹਾਂ ਵਿੱਚ ਬੀ.ਐੱਫ.ਏ. ਗ੍ਰੈਜੂਏਟਸ ਦੀ ਕਾਫ਼ੀ ਮੰਗ ਹੈ ।

Recruiting companies for BFA Graduates

- AAPC
- Microsoft Corporation
- Robosoft Technologies
- Cognizant
- Lowe Lintas

## Master of Fine Arts (MFA):

MFA ਇੱਕ ਪੋਸਟ ਗ੍ਰੈਜ਼ੂਏਟ ਡਿਗਰੀ ਹੈ। ਜੋ ਕਿ BFA ਤੋਂ ਬਾਅਦ ਕੀਤੀ ਜਾ ਸਕਦੀ ਹੈ । ਜੇਕਰ ਉਮੀਦਵਾਰ BFA ਤੋਂ ਬਾਅਦ ਅੱਗੇ ਪੜ੍ਹਾਈ ਕਰਨਾ ਚਾਹੁੰਦਾ ਹੈ ਤਾਂ ਉਹ MFA ਦੀ ਪੋਸਟ ਗ੍ਰੈਜ਼ੂਏਟ ਡਿਗਰੀ ਕਰ ਸਕਦਾ ਹੈ। ਇਸਦੀ ਮਿਆਦ 2 ਸਾਲ ਦੀ ਹੁੰਦੀ ਹੈ। ਉਮੀਦਵਾਰ BFA ਵਿੱਚ ਚੁਣੇ ਗਏ ਵਿਸ਼ਿਆਂ ਦੇ ਆਧਾਰ 'ਤੇ ਆਪਣੇ ਪਸੰਦੀਦਾ ਵਿਸ਼ੇ ਵਿੱਚ ਮਾਸਟਰ ਡਿਗਰੀ ਪ੍ਰਾਪਤ ਕਰ ਸਕਦਾ ਹੈ । BFA ਵਿੱਚ ਦਾਖ਼ਲੇ ਲਈ ਵੱਖ-ਵੱਖ ਸੰਸਥਾਵਾਂ ਵੱਲੋਂ ਨੰਬਰਾਂ ਦੀ ਪ੍ਰਤੀਸ਼ੱਤਤਾ ਦੀ ਸ਼ਰਤ ਅਤੇ ਦਾਖ਼ਲੇ ਦੀ ਵਿਧੀ ਆਪਣੇ ਤੌਰ 'ਤੇ ਨਿਰਧਾਰਿਤ ਕੀਤੀ ਜਾਂਦੀ ਹੈ । ਕੁਝ ਸੰਸਥਾਵਾਂ ਮੈਰਿਟ ਦੇ ਆਧਾਰ 'ਤੇ ਅਤੇ ਕੁਝ ਸੰਸਥਾਵਾਂ ਦਾਖ਼ਲਾ ਪਰੀਖਿਆ ਦੇ ਆਧਾਰ 'ਤੇ ਦਾਖ਼ਲਾ ਦਿੰਦੀਆਂ ਹਨ ।

### Ph. D. IN Fine Arts:

ਚਾਹਵਾਨ ਉਮੀਦਵਾਰ ਪੜ੍ਹਾਈ ਨੂੰ ਜਾਰੀ ਰੱਖਦੇ ਹੋਏ Fine Arts ਵਿੱਚ ਡਾਕਟਰ ਦੀ ਡਿਗਰੀ ਵੀ ਕਰ ਸਕਦੇ ਹਨ। ਇਸ ਦੀ ਮਿਆਦ ਘੱਟ ਤੋਂ ਘੱਟ 3 ਅਤੇ ਵੱਧ ਤੋਂ ਵੱਧ 5 ਸਾਲ ਹੁੰਦੀ ਹੈ । Ph.D. in Fine Arts ਲਈ MFA ਦੀ ਪੋਸਟ ਗ੍ਰੈਜ਼ੂਏਟ ਡਿਗਰੀ ਪਾਸ ਕੀਤੀ ਹੋਣੀ ਜ਼ਰੂਰੀ ਹੈ ।

*(Source – Jobs & Career News, The Tribune)*

# ਸਰੀਰਕ ਸਿੱਖਿਆ ਵਿੱਚ ਕੈਰੀਅਰ

ਸਕੂਲ /ਕਾਲਜ ਸਰੀਰਕ ਸਿੱਖਿਆ ਅਧਿਆਪਕ ਬਣਨ ਲਈ ਕੋਰਸ :-

**(ੳ) ਡੀ.ਪੀ.ਐੱਡ (D.P.Ed.) -** ਇਹ ਕੋਰਸ ਬਾਰ੍ਹਵੀਂ ਸ਼੍ਰੇਣੀ ਤੋਂ ਬਾਅਦ 2 ਸਾਲਾਂ ਦਾ ਕਰਵਾਇਆ ਜਾਂਦਾ ਹੈ। ਇਸ ਕੋਰਸ ਦੀ ਯੋਗਤਾ ਪ੍ਰਾਪਤ ਕਰਨ ਤੋਂ ਬਾਅਦ ਵਿਦਿਆਰਥੀ ਐਲੀਮੈਂਟਰੀ ਸਕੂਲ ਵਿੱਚ ਮਿਡਲ ਪੱਧਰ ਤੱਕ ਪੜ੍ਹਾਉਣ ਲਈ ਬਤੌਰ ਪੀ.ਟੀ.ਆਈ ਅਧਿਆਪਕ ਕੰਮ ਕਰਨ ਦੇ ਯੋਗ ਹੋ ਜਾਂਦਾ ਹੈ।

**ਦਾਖ਼ਲੇ ਲਈ ਯੋਗਤਾ (Eligibility of Admission)-**

- ਵਿਦਿਆਰਥੀ ਨੇ ਕਿਸੇ ਵੀ ਮਾਨਤਾ ਪ੍ਰਾਪਤ ਬੋਰਡ ਤੋਂ ਸੰਬੰਧਿਤ ਵਿਸ਼ੇ (ਸਟ੍ਰੀਮ) ਵਿੱਚ 12ਵੀਂ ਪਾਸ ਕੀਤੀ ਹੋਣੀ ਚਾਹੀਦੀ ਹੈ।
- ਦਾਖ਼ਲਾ ਲੈਣ ਦਾ ਇਛੁੱਕ ਵਿਦਿਆਰਥੀ ਸਰੀਰਿਕ ਤੌਰ ‘ਤੇ ਤੰਦਰੁਸਤ ਹੋਣਾ ਚਾਹੀਦਾ ਹੈ ਅਤੇ ਸੰਬੰਧਿਤ ਸੰਸਥਾ ਵੱਲੋਂ ਲਿਆ ਜਾਣ ਵਾਲਾ ਸਰੀਰਿਕ ਯੋਗਤਾ ਵਾਲਾ ਟੈਸਟ ਪਾਸ ਕਰਨਾ ਲਾਜ਼ਮੀ ਹੈ।

**(ਅ) ਬੀ.ਪੀ.ਐੱਡ ਡਿਪਲੋਮਾ (B.P.Ed. Diploma)-** ਸਰੀਰਿਕ ਸਿੱਖਿਆ ਦਾ ਇਹ ਡਿਪਲੋਮਾ ਕੋਰਸ ਗ੍ਰੈਜੂਏਸ਼ਨ ਤੋਂ ਬਾਅਦ 2 ਸਾਲ ਵਿੱਚ ਕਰਵਾਇਆ ਜਾਂਦਾ ਹੈ। ਇਹ ਕੋਰਸ ਭਾਰਤ ਦੀਆਂ ਕਈ ਸਰਕਾਰੀ ਅਤੇ ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਕਰਵਾ ਰਹੀਆਂ ਹਨ। ਇਸ ਕੋਰਸ ਦੀ ਯੋਗਤਾ ਪ੍ਰਾਪਤ ਕਰਨ ਤੋਂ ਬਾਅਦ ਵਿਦਿਆਰਥੀ ਹਾਈ ਸਕੂਲ ਜਾਂ ਸੀਨੀਅਰ ਸੈਕੰਡਰੀ ਸਕੂਲ ਵਿੱਚ ਬਤੌਰ ਸਰੀਰਿਕ ਸਿੱਖਿਆ ਅਧਿਆਪਕ (D.P.E) ਦੀ ਅਸਾਮੀ ’ਤੇ ਕੰਮ ਕਰਨ ਦੇ ਯੋਗ ਹੋ ਜਾਂਦਾ ਹੈ।

**ਦਾਖ਼ਲੇ ਲਈ ਯੋਗਤਾ (Eligibility for Admission)-**

- ਵਿਦਿਆਰਥੀ ਨੂੰ ਸਰੀਰਿਕ ਯੋਗਤਾ ਟੈਸਟ ਪਾਸ ਕਰਨਾ ਜ਼ਰੂਰੀ ਹੈ ਅਤੇ ਉਹ ਸਰੀਰਿਕ ਤੋਰ ‘ਤੇ ਯੋਗ ਹੋਣਾ ਚਾਹੀਦਾ ਹੈ।
- ਕਈ ਯੂਨੀਵਰਸਿਟੀਆਂ ਜਾਂ ਸੰਸਥਾਵਾਂ ਵੱਲੋਂ ਇਸ ਕੋਰਸ ਵਿੱਚ ਸਿਰਫ ਉਹਨਾਂ ਵਿਦਿਆਰਥੀਆਂ ਨੂੰ ਦਾਖ਼ਲਾ ਦਿੱਤਾ ਜਾਂਦਾ ਹੈ ਜਿਨ੍ਹਾਂ ਵਿਦਿਆਰਥੀਆਂ ਨੇ ਕਿਸੇ ਮਾਨਤਾ ਪ੍ਰਾਪਤ ਖੇਡ ਵਿੱਚ ਰਾਜ ਪੱਧਰ ਜਾਂ ਇਸ ਤੋਂ ਉੱਪਰ ਦੇ ਮੁਕਾਬਿਆਂ ਵਿੱਚ ਹਿੱਸਾ ਲਿਆ ਹੋਵੇ।
- ਬੀ.ਪੀ.ਐੱਡ ਦੋ ਸਾਲਾ ਕੋਰਸ ਵਿੱਚ ਦਾਖ਼ਲਾ ਲੈਣ ਲਈ ਵਿਦਿਆਰਥੀ ਨੇ ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਕਿਸੇ ਵੀ ਸਟਰੀਮ ਵਿੱਚ ਗ੍ਰੈਜੂਏਸ਼ਨ ਦੀ ਡਿਗਰੀ ਪਾਸ ਕੀਤੀ ਹੋਣੀ ਚਾਹੀਦੀ ਹੈ।

**ਦਾਖ਼ਲੇ ਲਈ ਯੋਗਤਾ (Eligibility for Admission)-**

ਬੀ.ਪੀ.ਐੱਡ ਕੋਰਸ ਵਿੱਚ ਦਾਖਲੇ ਲਈ ਸ਼ਰਤਾਂ ਡੀ.ਪੀ.ਐੱਡ (D.P.Ed)- ਕੋਰਸ ਵਾਲੀਆਂ ਹੀ ਹਨ।

**(ੲ) ਐੱਮ.ਪੀ.ਐੱਡ (M.P.Ed.)-** ਸਰੀਰਿਕ ਸਿੱਖਿਆ ਵਿਸ਼ੇ ਵਿੱਚ ਮਾਸਟਰ ਕਰਵਾਈ ਜਾਂਦੀ ਹੈ, ਜਿਸ ਨੂੰ ਮਾਸਟਰ ਆਫ਼ ਫਿਜ਼ੀਕਲ ਐਜੂਕੇਸ਼ਨ ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ। ਸਰੀਰਿਕ ਸਿੱਖਿਆ ਦੇ ਕਾਲਜਾਂ ਜਾਂ ਯੂਨੀਵਰਸਿਟੀਆਂ ਤੋਂ ਦੋ ਸਾਲ ਦੀ ਮਾਸਟਰ ਡਿਗਰੀ ਪੂਰੀ ਕਰਨ ਤੋਂ ਬਾਅਦ ਵਿਦਿਆਰਥੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਲੈਕਚਰਾਰ ਦੀ ਅਸਾਮੀ ‘ਤੇ ਕੰਮ ਕਰ ਸਕਦਾ ਹੈ, ਜਦ ਕਿ ਯੂ.ਜੀ.ਸੀ ਦੁਆਰਾ ਪ੍ਰਵਾਨਿਤ ਨੈਟ ਪਰੀਖਿਆ ਪਾਸ ਕਰਕੇ ਵਿਦਿਆਰਥੀ ਕਾਲਜ ਲੈਕਚਰਾਰ ਵਜੋਂ ਪੜ੍ਹਾਉਣ ਦੇ ਯੋਗ ਹੋ ਜਾਂਦਾ ਹੈ।

**ਦਾਖ਼ਲਾ ਲੈਣ ਲਈ ਯੋਗਤਾ (Eligibility for Admission)-**

- ਇਸ ਕੋਰਸ ਵਿੱਚ ਦਾਖ਼ਲਾ ਲੈਣ ਦੇ ਇਛੁੱਕ ਵਿਦਿਆਰਥੀਆਂ ਲਈ ਸਰੀਰਿਕ ਯੋਗਤਾ ਟੈਸਟ ਪਾਸ ਕਰਨਾ ਜ਼ਰੂਰੀ ਹੈ।
- ਵਿਦਿਆਰਥੀਆਂ ਦੇ ਬੀ.ਪੀ.ਐੱਡ ਵਿੱਚੋਂ ਪ੍ਰਾਪਤ ਅੰਕਾਂ ਦੇ ਆਧਾਰ 'ਤੇ ਮੈਰਿਟ ਸੂਚੀ ਤਿਆਰ ਕੀਤੀ ਜਾਂਦੀ ਹੈ ਅਤੇ ਉਹਨਾਂ ਨੂੰ ਮੈਰਿਟਸ ਅਨੁਸਾਰ ਦਾਖ਼ਲਾ ਦਿੱਤਾ ਜਾਂਦਾ ਹੈ।
- ਐਮ.ਪੀ.ਐੱਡ ਕੋਰਸ ਵਿੱਤ ਦਾਖ਼ਲਾ ਲੈਣ ਲਈ ਵਿਦਿਆਰਥੀ ਨੇ ਦੋ ਸਾਲਾਂ ਬੀ.ਪੀ.ਐੱਡ (B.P.Ed) ਜਾਂ ਚਾਰ ਸਾਲਾ (B.P.E) ਡਿਗਰੀ ਕੀਤੀ ਹੋਈ ਹੋਣੀ ਚਾਹੀਦੀ ਹੈ।

**(ਸ) ਮਾਸਟਰ ਔਫ ਫ਼ਿਲਾਸਫ਼ੀ (M.Phil)-** ਭਾਰਤ ਵਿੱਚ ਕਈ ਪ੍ਰਸਿੱਧ ਯੂਨੀਵਰਸਿਟੀਆਂ ਐੱਮ.ਫ਼ਿਲ ਦੀ ਡਿਗਰੀ ਕਰਵਾਉਂਦੀਆਂ ਹਨ। ਇਹ ਮਾਸਟਰ ਰਿਸਰਚ ਕੋਰਸ ਹੈ। ਇਸ ਮਾਸਟਰ ਡਿਗਰੀ ਕੋਰਸ ਵਿੱਚ ਸਰੀਰਿਕ ਸਿੱਖਿਆ ਦੇ ਖੇਤਰ ਵਿੱਚ ਖੋਜ ਦਾ ਕੰਮ ਕੀਤਾ ਜਾਂਦਾ ਹੈ।

**ਦਾਖ਼ਲਾ ਲੈਣ ਲਈ ਯੋਗਤਾ (Eligibility for Admission)-**

- ਇਸ ਡਿਗਰੀ ਵਿੱਚ ਦਾਖ਼ਲਾ ਲੈਣ ਲਈ ਯੂਨੀਵਰਸਿਟੀ ਵੱਲੋਂ ਆਯੋਜਿਤ ਪ੍ਰਵੇਸ਼ ਪਰੀਖਿਆ (Entrance Test) ਪਾਸ ਕਰਨਾ ਜ਼ਰੂਰੀ ਹੈ।
- ਇਸ ਡਿਗਰੀ ਵਿੱਚ ਦਾਖ਼ਲਾ ਲੈਣ ਲਈ ਮਾਸਟਰ ਔਫ਼ ਫਿਜ਼ੀਕਲ ਐਜੂਕੇਸ਼ਨ 55% ਅੰਕਾਂ ਨਾਲ਼ ਪਾਸ ਕੀਤੀ ਹੋਣੀ ਚਾਹੀਦੀ ਹੈ।

(ਹ) **ਬੀ.ਪੀ.ਐੱਡ (ਇੰਟੀਗ੍ਰੇਟਿਡ ਕੋਰਸ) (B.P.Ed.(Integrated Course)-** ਸਰੀਰਿਕ ਸਿੱਖਿਆ ਨਾਲ਼ ਸੰਬੰਧਿਤ ਕਾਲਜ ਅਤੇ ਯੂਨੀਵਰਸਿਟੀਆਂ ਬੈਚਲਰ ਆਫ ਸਰੀਰਿਕ (ਚਾਰ ਸਾਲਾ) ਕੋਰਸ ਕਰਵਾ ਰਹੀਆ ਹਨ। ਇਸ ਕੋਰਸ ਵਿੱਚ ਵਿਦਿਆਰਥੀਆਂ ਨੂੰ ਸਰੀਰਿਕ ਸਿੱਖਿਆ ਪੜ੍ਹਾਉਣ ਅਤੇ ਖੇਡਾਂ ਦੀਆਂ ਬੇਸਿਕ ਸਕਿੱਲਜ਼ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

ਇਹ ਕੋਰਸ ਪੂਰਾ ਕਰਨ ਤੋਂ ਬਾਅਦ ਵਿਦਿਆਰਥੀ ਹਾਈ ਸਕੂਲ ਜਾਂ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਰੀਰਿਕ ਸਿੱਖਿਆ ਅਧਿਆਪਕ (DPE) ਦੀ ਅਸਾਮੀ 'ਤੇ ਕੰਮ ਕਰਨ ਦੇ ਯੋਗ ਹੋ ਜਾਂਦਾ ਹੈ।

**(ਕ) ਡਾਕਟਰ ਔਫ ਫ਼ਿਲਾਸਫ਼ੀ (Ph.D)-** ਇਹ ਸਰੀਰਿਕ ਸਿੱਖਿਆ ਵਿਸ਼ੇ ਦੀ ਉੱਚ ਡਿਗਰੀ ਹੈ। ਇਸ ਡਿਗਰੀ ਨੂੰ ਕਈ ਸਰਕਾਰੀ ਅਤੇ ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਕਰਵਾ ਰਹੀਆਂ ਹਨ। ਇਹ ਡਿਗਰੀ ਰੈਗੂਲਰ ਕਰਵਾਈ ਜਾਂਦੀ ਹੈ।ਇਹ ਡਿਗਰੀ ਪੂਰੀ ਕਰਨ ਤੋਂ ਬਾਅਦ ਵਿਦਿਆਰਥੀ ਨੂੰ ਡਾਕਟਰੇਟ ਦੀ ਉਪਾਧੀ ਦਿੱਤੀ ਜਾਂਦੀ ਹੈ। ਇਸ ਡਿਗਰੀ ਵਿੱਚ ਵਿਦਿਆਰਥੀ ਸਰੀਰਿਕ ਸਿੱਖਿਆ ਅਤੇ ਖੇਡਾਂ ਦੇ ਖੇਤਰ ਵਿੱਚ ਨਵੀਆਂ ਖੋਜਾਂ ਕਰਦੇ ਹਨ।

## ਸਰੀਰਿਕ ਸਿੱਖਿਆ ਦੇ ਕੋਰਸ (COURSE OF PHYSICAL EDUCATION)

| ਲੜੀ ਨੰ. | ਕੋਰਸ ਦਾ ਨਾਮ | ਕੋਰਸ ਦੀ ਯੋਗਤਾ | ਸਮਾਂ | ਪੇਸ਼ੇ/ਕਿੱਤੇ ਵਜੋਂ |
|---|---|---|---|---|
| 1. | ਡੀ.ਪੀ.ਐੱਡ | ਬਾਰ੍ਹਵੀਂ ਸ਼੍ਰੇਣੀ ਪਾਸ | 2 ਸਾਲ | ਪੀ.ਟੀ.ਆਈ ਮਿਡਲ ਸਕੂਲ |
| 2. | ਬੀ.ਪੀ. ਐੱਡ (ਇੰਟੀਗ੍ਰੇਟਿਡ ਕੋਰਸ) | ਬਾਰ੍ਹਵੀਂ ਸ਼੍ਰੇਣੀ ਪਾਸ | 4 ਸਾਲ | ਡੀ.ਪੀ.ਈ ਦੀ ਅਸਾਮੀ, ਹਾਈ ਅਤੇ ਸੈਕੰਡਰੀ ਸਕੂਲ |
| 3. | ਬੀ.ਪੀ.ਐੱਡ. (ਡਿਪਲੋਮਾ) | ਬੀ.ਏ ਜਾਂ ਬਰਾਬਰ ਦੀ ਡਿਗਰੀ | | ਡੀ.ਪੀ.ਈ ਹਾਈ ਅਤੇ ਸੈਕੰਡਰੀ ਸਕੂਲ |
| 4. | ਐੱਮ.ਪੀ. ਐੱਡ | ਬੀ.ਪੀ.ਐੱਡ. (ਇੰਟੀਗ੍ਰੇਟਿਡ ਕੋਰਸ)/ ਬੀ.ਪੀ.ਐੱਡ.(ਡਿਪਲੋਮਾ) | 2 ਸਾਲ | ਲੈਕਚਰਾਰ ਸੈਕੰਡਰੀ ਸਕੂਲ ਅਤੇ ਕਾਲਜ |
| 5. | ਐੱਮ.ਫਿਲ਼ | ਐੱਮ.ਪੀ.ਐੱਡ | 1 ਸਾਲ | ਲੈਕਚਰਾਰ ਕਾਲਜ/ਯੂਨੀਵਰਸਿਟੀ |
| 6. | ਪੀਐੱਚ.ਡੀ. | ਐੱਮ.ਪੀ.ਐੱਡ/ਐੱਮ.ਫਿਲ | 3 ਸਾਲ ਤੋਂ 5 ਸਾਲ | ਲੈਕਚਰਾਰ ਕਾਲਜ/ਯੂਨੀਵਰਸਿਟੀ |
| 7. | ਡੀ.ਲਿਟ | ਪੀਐੱਚ.ਡੀ. | 2 ਸਾਲ | ਕਾਲਜ/ਯੂਨੀਵਰਸਿਟੀ |

### 2 ਯੋਗ ਮਾਹਿਰ (Yoga Expert)

**(ੳ) ਸਰਟੀਫਿਕੇਟ ਕੋਰਸ ਇੰਨ ਯੋਗ (Certificate Course in Yoga)-** ਇਹ ਕੋਰਸ ਭਾਰਤ ਦੀਆਂ ਕਈ ਯੂਨੀਵਰਸਿਟੀਆਂ ਅਤੇ ਕਾਲਜ ਛੇ ਹਫ਼ਤੇ ਦਾ ਸਰਟੀਫ਼ਿਕੇਟ ਕੋਰਸ ਕਰਵਾਉਂਦੀਆਂ ਹਨ। ਇਸ ਕੋਰਸ ਵਿੱਚ ਦਾਖ਼ਲਾ ਲੈਣ ਲਈ ਵਿਦਿਆਰਥੀ ਨੂੰ ਘੱਟੋ-ਘੱਟ ਬਾਰ੍ਹਵੀਂ ਸ਼੍ਰੇਣੀ ਪਾਸ ਹੋਣਾ ਚਾਹੀਦਾ ਹੈ।

**(ਅ) ਡਿਪਲੋਮਾ ਕੋਰਸ ਇੰਨ ਯੋਗ (Diploma Course in Yoga)-** ਇਸ ਕੋਰਸ ਵਿੱਚ ਦਾਖ਼ਲਾ ਲੈਣ ਲਈ ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਬੀ.ਏ. (ਗ੍ਰੈਜੂਏਸ਼ਨ ) ਜਾਂ ਇਸ ਦੇ ਬਰਾਬਰ ਦੀ ਡਿਗਰੀ ਪ੍ਰਾਪਤ ਕੀਤੀ ਹੋਣੀ ਚਾਹੀਦੀ ਹੈ। ਇਹ ਦੋ ਸਾਲ ਦਾ ਡਿਪਲੋਮਾ ਕੋਰਸ ਹੈ।

**(ੲ) ਬੈਚਲਰ ਔੱਫ਼ ਯੋਗ (Bachelor of Yoga)-** ਭਾਰਤ ਦੀਆਂ ਕਈ ਸਰਕਾਰੀ ਅਤੇ ਮਾਨਤਾ ਪ੍ਰਾਪਤ ਯੂਨੀਵਰਸਿਟੀਆਂ ਯੋਗ ਦੀ ਬੈਚਲਰ ਡਿਗਰੀ ਕਰਵਾ ਰਹੀਆਂ ਹਨ। ਕੋਈ ਵੀ ਵਿਦਿਆਰਥੀ ਕਿਸੇ ਮਾਨਤਾ ਪ੍ਰਾਪਤ ਬੋਰਡ ਦੀ ਬਾਰ੍ਹਵੀਂ ਜਾਂ ਇਸ ਦੇ ਬਰਾਬਰ ਦੀ ਯੋਗਤਾ ਹਾਸਲ ਕਰਨ ਤੋਂ ਬਾਅਦ ਇਸ ਕੋਰਸ ਵਿੱਚ ਦਾਖ਼ਲਾ ਲੈ ਸਕਦੇ ਹਨ। ਇਸ ਕੋਰਸ ਨੂੰ ਕਰਨ ਤੋਂ ਬਾਅਦ ਵਿਦਿਆਰਥੀ ਬਤੌਰ ਯੋਗ ਮਾਹਰ ਜਾਂ ਯੋਗ ਅਧਿਆਪਕ ਵਜੋਂ ਕੰਮ ਕਰ ਸਕਦਾ ਹੈ।

**(ਸ) ਐੱਮ.ਐੱਸ.ਸੀ ਇੰਨ ਯੋਗ ਸਾਇੰਸ (M.Sc in Yoga Science) -** ਇਸ ਕੋਰਸ ਵਿੱਚ ਦਾਖ਼ਲਾ ਲੈਣ ਲਈ ਵਿਦਿਆਰਥੀ ਕੋਲ਼ ਯੋਗ ਦੀ ਬੈਚਲਰ ਡਿਗਰੀ ਹੋਣੀ ਚਾਹੀਦੀ ਹੈ। ਇਹ ਮਾਸਟਰ ਡਿਗਰੀ ਦੋ ਸਾਲਾਂ ਦੀ ਹੁੰਦੀ ਹੈ।

## ਯੋਗ ਦੇ ਖੇਤਰ ਵਿੱਚ ਕੋਰਸ

| ਲੜੀ ਨੰ. | ਕੋਰਸ ਦਾ ਨਾਮ | ਕੋਰਸ ਦੀ ਯੋਗਤਾ | ਸਮਾਂ | ਪੇਸ਼ੇ/ਕਿੱਤੇ ਵਜੋਂ |
|---|---|---|---|---|
| 1. | ਸਰਟੀਫ਼ਿਕੇਟ ਕੋਰਸ ਇੰਨ ਯੋਗ | ਬਾਰ੍ਹਵੀਂ ਸ਼੍ਰੇਣੀ ਪਾਸ | 40 ਦਿਨ ਬੇਸਿਕ ਕੋਰਸ | ਯੋਗ ਇੰਸਟਕਕਟਰ |
| 2. | ਬੈਚਲਰ ਔੱਫ ਯੋਗ | ਬਾਰ੍ਹਵੀਂ ਸ਼੍ਰੇਣੀ ਪਾਸ ਜਾਂ ਇਸ ਦੇ ਬਰਾਬਰ | 3 ਸਾਲ | ਸਕੂਲ ਅਧਿਆਪਕ |
| 3. | ਡਿਪਲੋਮਾ ਇੰਨ ਯੋਗ | ਬੀ.ਏ ਜਾਂ ਬਰਾਬਰ ਦੀ ਡਿਗਰੀ | 2 ਸਾਲ | ਸਕੂਲ ਅਧਿਆਪਕ |
| 4. | ਐੱਮ.ਐੱਸ. ਸੀ ਇੰਨ ਸਾਇੰਸ | ਗ੍ਰੈਜੂਏਸ਼ਨ ਇੰਨ ਯੋਗ ਲੇਕਚਰਾਰ | 2 ਸਾਲ | ਕਾਲਜ / ਯੋਗ ਯੂਨਿਵਰਸਿਟੀ |

*(Source – Text Book of Physical Education (10+2), P.S.E.B)*

# COURSES AFTER

# 10+2 COMMERCE?

- CMA
- CS
- LAW
- Journalism and Mass Communication
- B.com
- BBA
- Hotel Management
- Teaching
- MBA
- B.A. Economics
- B.Sc. Statistics
- Tourism and Travel
- BCA
- CAT

# 1. Certified Management Accountant
## ਸਰਟੀਫਾਈਡ ਮੈਨੇਜਮੈਂਟ ਅਕਾਊਂਟੈਂਟ

### 1.1 INTRODUCTION/ਜਾਣ-ਪਛਾਣ: -

Certified Management Accountant (CMA) ਪ੍ਰਬੰਧਨ ਲੇਖਾਕਾਰੀ ਅਤੇ ਵਿੱਤੀ ਪ੍ਰਬੰਧਨ ਖੇਤਰਾਂ ਵਿੱਚ ਇੱਕ ਪੇਸ਼ੇਵਰ ਪ੍ਰਮਾਣੀਕਰਣ ਪ੍ਰਮਾਣ ਪੱਤਰ ਹੁੰਦਾ ਹੈ।ਸਰਟੀਫ਼ਿਕੇਟ ਦਰਸਾਉਂਦਾ ਹੈ ਕਿ ਵਿਅਕਤੀ ਵਿੱਤੀ ਯੋਜਨਾਬੰਦੀ, ਵਿਸ਼ਲੇਸ਼ਣ, ਨਿਯੰਤਰਣ, ਫੈਸਲੇ ਦੀ ਸਹਾਇਤਾ ਅਤੇ ਪੇਸ਼ੇਵਰ ਨੈਤਿਕਤਾ ਦੇ ਖੇਤਰਾਂ ਵਿੱਚ ਗਿਆਨ ਰੱਖਦਾ ਹੈ। ਬਹੁਤ ਸਾਰੇ ਵਿਦਿਆਰਥੀ CMA, ICWAI, ICMAI ਅਤੇ CWA ਵਿੱਚ ਉਲਝ ਜਾਂਦੇ ਹਨ ।ਇਸ ਲਈ ਇਸ ਨੂੰ ਸਪਸ਼ਟ ਕਰਨ ਲਈ, ICWAI ਨੇ ਆਪਣਾ ਨਾਮ ਬਦਲ ਕੇ ICMAI ਕਰ ਦਿੱਤਾ ਹੈ ਅਤੇ ਕੋਰਸ ICWAI ਦਾ ਨਾਮ ਬਦਲ ਕੇ CMA ਕਰ ਦਿੱਤਾ ਹੈ। ਨਾਮ ਤੋਂ ਇਲਾਵਾ ICWAI and CMA ਵਿੱਚ ਕੋਈ ਅੰਤਰ ਨਹੀਂ ਹੈ।

### 1.2 COURSE/ਕੋਰਸ:-

ਇਸ ਕੋਰਸ ਦੇ ਦੋ components ਹਨ -: Practical Training ਅਤੇ Theoretical Component.

Theoretical Component ਵਿੱਚ ਹੇਠ ਦਿੱਤੇ ਤਿੰਨ ਪੇਪਰ ਹਨ-:

(i) FOUNDATION COURSE/ਫ਼ਾਉਂਡੇਸ਼ਨ ਕੋਰਸ

(ii) INTERMEDIATE COURSE/ਇੰਟਰਮੀਡੀਏਟ ਕੋਰਸ

INTERMEDIATE [Gr. I]
INTERMEDIATE [Gr. II]

(iii) FINAL COURSE/ਫ਼ਾਈਨਲ ਕੋਰਸ

FINAL[Gr. III]
FINAL[Gr. IV]

### 1.3 DURATION/ਮਿਆਦ :- ਆਮ ਤੌਰ 'ਤੇ ਭਾਰਤ ਵਿੱਚ, ਵਿਦਿਆਰਥੀ ਕੋਰਸ ਪੂਰਾ ਕਰਨ ਲਈ ਘੱਟੋ ਘੱਟ 3-4 ਸਾਲ ਲੈਂਦੇ ਹਨ

### 1.4 ELIGIBILITY CRITERIA FOR CMA COURSE/CMA ਕੋਰਸ ਲਈ ਯੋਗਤਾ:-

| Foundation :- | Intermediate :- | Final:- |
|---|---|---|
| • ਕਲਾਸ 10 (ਦਾਖ਼ਲੇ ਲਈ ਘੱਟੋ ਘੱਟ ਮਾਪਦੰਡ)<br>• 10 + 2 (ਪਰੀਖਿਆ ਦੇਣ ਲਈ)<br>• CMA FOUNDATION EXAM:-<br>PAPER 1 :- Fundamentals of Economics and Management<br>PAPER 2:- Fundamentals of Accounting<br>PAPER 3:- Fundamentals of Laws and Ethics<br>PAPER 4:- Fundamentals of Business Mathematics and Statistics | • CMA Foundation ਪਾਸ<br>• CAT<br>• Graduate(ਫ਼ਾਇਨ ਆਰਟਸ ਨੂੰ ਛੱਡ ਕੇ )<br>• ICSI Foundation<br>• ਯੋਗEngineers/ Engineering ਕੋਰਸ ਕਰ ਰਹੇ<br>• ICAI Intermediate | •CMA Intermediate |

## 1.5 SCHEDULE OF REGISTRATION/ਰਜਿਸਟ੍ਰੇਸ਼ਨ ਦੀ ਸਮਾਂ ਸੂਚੀ :-

**1.6 CMA Foundation** ਦਾ ਪੇਪਰ ਸਾਲ ਵਿੱਚ ਦੋ ਵਾਰ ਜੂਨ ਅਤੇ ਦਸੰਬਰ ਵਿੱਚ ਲਿਆ ਜਾਂਦਾ ਹੈ। ਹਾਲਾਂਕਿ, ਜੂਨ ਦੀ ਮਿਆਦ ਦੀ ਪਰੀਖਿਆ ਲਈ ਆਉਣ ਵਾਲੇ ਵਿਦਿਆਰਥੀਆਂ ਨੂੰ ਉਸ ਸਾਲ ਦੇ 31 ਜਨਵਰੀ ਤੋਂ ਪਹਿਲਾਂ ਅਰਜ਼ੀ ਦੇਣੀ ਚਾਹੀਦੀ ਹੈ ਅਤੇ ਦਸੰਬਰ ਦੀ ਮਿਆਦ ਲਈ ਉਸ ਸਾਲ 31 ਜੁਲਾਈ ਤੋਂ ਪਹਿਲਾਂ ਅਰਜ਼ੀ ਦੇਣੀ ਚਾਹੀਦੀ ਹੈ।

## 1.7 CMA COURSE FEES/ਫ਼ੀਸ :-

| COURSES | COURSE FEES (Examination Fees ਨੂੰ ਛੱਡ ਕੇ ) |
|---|---|
| FOUNDATION | INR 6,000/- |
| INTERMEDIATE | INR 22,000/- |
| FINAL | INR 25,000/- |

ਨੋਟ -:ਵਿਸਥਾਰ ਵਿੱਚ ਜਾਣਕਾਰੀ ਲਈ www.icmai.inਵੈੱਬ ਸਾਈਟ 'ਤੇ ਦੇਖ ਸਕਦੇ ਹਾਂ।

## 1.8 JOB OPPORTUNITIES AND PAY PACKAGE/ਨੌਕਰੀ ਦੇ ਮੌਕੇ ਅਤੇ ਤਨਖਾਹ ਪੈਕੇਜ :-

- CEO
- Director - Finance
- Vice President – Finance
- Head of Finance
- Strategic Head
- Information System Audit, Forensic Audit
- Valuation and Audits under GST
- Cost Advisor
- Finance Controller
- Cost Controller
- Certification under SEZ, EOU, Foreign Trade Policies
- Research Analyst
- Dean/ Professor of Finance
- Cost Auditor
- Internal Auditor
- Registered Valuer
- Loss Assessor, Surveyor
- Tax Consultants and Tax Practitioner
- Risk Managers
- Business Analyst
- Arbitrator
- Advisor on Funds Management
- Financial Services
- Consultancy Services etc.

ਵਿਦਿਆਰਥੀਆਂ ਕੋਲ ਪਬਲਿਕ ਅਤੇ ਪ੍ਰਾਈਵੇਟ ਸੈਕਟਰ ਦੋਵੇਂ ਸੰਸਥਾਵਾਂ ਵਿੱਚ ਮੌਕੇ ਹਨ।

ਔਸਤਨ ਤਨਖਾਹ -ਪੈਕੇਜ 7 ਲੱਖ ਸਲਾਨਾ -20 ਲੱਖ ਸਲਾਨਾ

Jobs ਨਾਲ਼ ਸੰਬੰਧਿਤ ਵਧੇਰੇ ਜਾਣਕਾਰੀ www.ncs.gov.in ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

## 1.9 INSTITUTION/ਸੰਸਥਾ:-

THE INSTITUTE OF COST ACCOUNTANTS OF INDIA www.icmai.in
Headquarters: CMA Bhawan, 12 Sudder Street, Kolkata – 700016
NORTHERN INDIA REGIONAL COUNCIL CMA Bhawan 3, Institutional Area, Lodi Road New Delhi - 110 003 Ph: 011- 24615788,24626678, 24623792, 24623793 Tele-Fax: 91-11-24644630 Email: nirc@icmai.in Website: http://nirc-icmai.in
CHANDIGARH

- Chandigarh- Panchkula Chapter Room No. 216, New Public School PH-+91-172-2777921/9855118367/
  Office Timing : Sector- 18, 9878607921
  12.00 Noon TO 8.00 PM Chandigarh - 160 018 e-mail : chandigarh@icmai.in

HARYANA

- Faridabad Chapter SCO 33-34, 2nd Floor, (Left Side), New PH-+91-813-0592196
  Office Timing : 9 AM TO 6 PM Leaf Plaza, Shopping Complex, Spring Mob No. +91-9971544633/9818453834
  Field Colony, Faridabad, Pin -121 003 e-mail : faridabad@icmai.in

PUNJAB

- Jalandhar Chapter 1st Floor, Opp. Gurudwara, PH-+91-1 81-2236189
  Office Timing : Diwan Asthan Chowk Central Town, e-mail : jalandhar@icmai.in
  10 AM TO 5 PM Jalandhar - 144 001
- Ludhiana Chapter SCO-23-24, 2nd Floor, Model Town PH-+91-978-1130317/9815444697/
  Extn-D, Dugri Road, Opp. Libra Bus 9787730317/9815630383
  Service, Near Hotel Grand Marrian e-mail : ludhiana@icmai.in
  Above LIC Building. Ludhiana - 141 002
- Patiala Chapter Sh. Ajit Kumar, Co-ordinator - ICAI, Modi PH-+91-977-9702702/9149517528/9779814581
  Office Timing : 5 PM TO 7 PM College, Patiala - 147 001, Punjab e-mail : patiala@icmai.in
- Naya Nangal Chapter Near Nangal Dam, 44-B, Jawahar PH-+91-1887-228492/228006
  Office Timing : Market, P.O.- Pratap Nagar e-mail : nayanangal@icmai.in
  5.30 PM TO 7.30 PM Nangal Dam- 140 125

# 2.COMPANY SECRETARY
# ਕੰਪਨੀ ਸੈਕਟਰੀ (CS)

## 2.1 INTRODUCTION/ਜਾਣ-ਪਛਾਣ: -

ਇੰਸਟੀਟਿਊਟ ਆੱਫ਼ ਕੰਪਨੀ ਸੈਕਟਰੀਜ਼ ਇੰਡੀਆ) ਆਈ.ਸੀ.ਐਸ.ਆਈ (ਭਾਰਤ ਦੀ ਇੱਕੋ ਇਕ ਮਾਨਤਾ ਪ੍ਰਾਪਤ ਪੇਸ਼ੇਵਰ ਸੰਸਥਾ ਹੈ ਜੋ ਕਿ ਭਾਰਤ ਵਿੱਚ ਕੰਪਨੀ ਸੈਕਟਰੀਆਂ ਦੇ ਪੇਸ਼ੇ ਨੂੰ ਨਿਯਮਿਤ ਅਤੇ ਵਿਕਸਤ ਕਰਦੀ ਹੈ। ਇਸ ਕੋਰਸ ਦਾ ਉਦੇਸ਼ ਉੱਚ ਚੋਟੀ ਦੇ ਪੇਸ਼ੇਵਰਾਂ ਦਾ ਵਿਕਾਸ ਕਰਨਾ ਹੈ ਜੋ ਇੱਕ ਛੱਤ ਹੇਠ ਚੰਗੀ ਕਾਰਪੋਰੇਟ ਪ੍ਰਸ਼ਾਸਨ ਦੀ ਸਹੂਲਤ ਪ੍ਰਦਾਨ ਕਰਦੇ ਹਨ। ਰੁਜ਼ਗਾਰ ਵਿੱਚ ਕੰਪਨੀ ਸੈਕਟਰੀ ਦੀਆਂ ਮੁੱਖ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਵਿੱਚ ਬੋਰਡ ਨੂੰ ਰਿਪੋਰਟ ਕਰਨਾ ਅਤੇ ਕੰਪਨੀ ਵਿੱਚ ਲਾਗੂ ਸਾਰੇ ਕਾਨੂੰਨਾਂ ਦੀ ਪਾਲਣਾ ਬਾਰੇ ਸਲਾਹ ਦੇਣਾ ਸ਼ਾਮਲ ਹੈ। ਕੰਪਨੀ ਐਕਟ, 2013ਦੇ ਤਹਿਤ ਸੈਕਟਰੀਅਲ ਆਡਿਟ ਦੇ ਨਾਲ ਖੇਤਰ ਦੇ ਅਭਿਆਸ ਵਿੱਚ ਕੰਪਨੀ ਸੈਕਟਰੀ ਦੀ ਭੂਮਿਕਾ ਵਧੇਰੇ ਸਪਸ਼ਟ ਅਤੇ ਮਾਨਤਾ ਪ੍ਰਾਪਤ ਹੈ। ਜੋ ਉਹਨਾਂ ਨੂੰ ਵਿਸ਼ੇਸ਼ ਤੌਰ 'ਤੇ ਸੌਂਪੀ ਗਈ ਹੈ। ਇਸ ਤੋਂ ਇਲਾਵਾ, ਕੰਪਨੀ ਸੈਕਟਰੀ ਨੂੰ ਵੱਖ-ਵੱਖ ਦਸਤਾਵੇਜ਼ਾਂ ਦੇ ਆਡਿਟ ਅਤੇ ਪ੍ਰਮਾਣੀਕਰਣ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।

## 2.2 COURSE/ਕੋਰਸ :-

ਉਹ ਵਿਦਿਆਰਥੀ ਜੋ 2 + 10 ਪਾਸ ਜਾਂ ਇਸ ਦੇ ਬਰਾਬਰ ਦੇ ਬਾਅਦ ਕੋਰਸ ਵਿੱਚ ਸ਼ਾਮਲ ਹੋਣਾ ਚਾਹੁੰਦਾ ਹੈ, ਉਸ ਨੂੰ ਕੰਪਨੀ ਸੈਕਟਰੀਜ਼ ਕੋਰਸ ਨੂੰ ਅੱਗੇ ਵਧਾਉਣ ਲਈ ਤਿੰਨ ਪੜਾਵਾਂ ਵਿਚੋਂ ਲੰਘਣਾ ਪਏਗਾ।

1) ਫ਼ਾਊਂਡੇਸ਼ਨ ਪ੍ਰੋਗਰਾਮ/Foundation Programme
2) ਕਾਰਜਕਾਰੀ ਪ੍ਰੋਗਰਾਮ/Executive Programme
3) ਪੇਸ਼ੇਵਰ ਪ੍ਰੋਗਰਾਮ/Professional Programme

ਉਹ ਵਿਦਿਆਰਥੀ ਜੋ ਗ੍ਰੈਜੂਏਸ਼ਨ ਪਾਸ ਕਰਨ ਤੋਂ ਬਾਅਦ ਕੋਰਸ ਵਿੱਚ ਸ਼ਾਮਲ ਹੋਣਾ ਚਾਹੁੰਦਾ ਹੈ, ਨੂੰ ਕੰਪਨੀ ਸੈਕਟਰੀਸ਼ਿਪ ਦੇ ਦੋ ਪੜਾਵਾਂ ਵਿਚੋਂ ਲੰਘਣਾ ਪਏਗਾ।

1) ਕਾਰਜਕਾਰੀ ਪ੍ਰੋਗਰਾਮ/Executive Programme
2) ਪੇਸ਼ੇਵਰ ਪ੍ਰੋਗਰਾਮ/Professional Programme

- 2 + 10ਪਾਸ ਵਿਦਿਆਰਥੀ ਆਰਟਸ, ਸਾਇੰਸ ਜਾਂ ਕਾਮਰਸ ਸਟ੍ਰੀਮ) ਫ਼ਾਈਨ ਆਰਟਸ ਨੂੰ ਛੱਡ ਕੇ ( ਦੁਆਰਾ ਫ਼ਾਊਂਡੇਸ਼ਨ ਪ੍ਰੋਗਰਾਮ ਕੀਤਾ ਜਾ ਸਕਦਾ ਹੈ।
- Executive Programme/ਕਾਰਜਕਾਰੀ ਪ੍ਰੋਗਰਾਮ ਨੂੰ ਫ਼ਾਈਨ ਆਰਟਸ ਨੂੰ ਛੱਡ ਕੇ ਸਾਰੀਆਂ ਧਾਰਾਵਾਂ ਦੇ ਗ੍ਰੈਜੂਏਟ ਦੁਆਰਾ ਕੀਤਾ ਜਾ ਸਕਦਾ ਹੈ।
- ਸੀ.ਐੱਸ ਕੋਰਸ ਦੇ ਕਾਰਜਕਾਰੀ ਪ੍ਰੋਗਰਾਮ/Executive Programme ਨੂੰ ਪਾਸ ਕਰਨ ਤੋਂ ਬਾਅਦ ਹੀ ਪੇਸ਼ੇਵਰ ਪ੍ਰੋਗਰਾਮ/Professional Programme ਕੀਤਾ ਜਾ ਸਕਦਾ ਹੈ।
- CS ਕੋਰਸ ਵਿੱਚ ਦਾਖ਼ਲਾ ਸਾਲ ਭਰ ਵਿੱਚ ਖੁੱਲ੍ਹਾ ਹੁੰਦਾ ਹੈ । ਪਰੀਖਿਆਵਾਂ ਸਾਲ ਵਿੱਚ ਦੋ ਵਾਰ ਜੂਨ ਅਤੇ ਦਸੰਬਰ ਵਿੱਚ ਹੁੰਦੀਆਂ ਹਨ।

## 2.3 DURATION /ਮਿਆਦ :- 03 ਸਾਲ

- ਫ਼ਾਊਂਡੇਸ਼ਨ ਪ੍ਰੋਗਰਾਮ/Foundation Programme – 8 months
- ਕਾਰਜਕਾਰੀ ਪ੍ਰੋਗਰਾਮ/Executive Programme – 9 months
- ਪੇਸ਼ੇਵਰ ਪ੍ਰੋਗਰਾਮ/Professional Programme – 15 months

## 2.4 ELIGIBILTY CRITERIA/ਯੋਗਤਾ:-

ਉਮੀਦਵਾਰ ਦੀ ਉਮਰ 26 ਸਾਲ ਤੋਂ ਘੱਟ ਹੋਣਾ ਚਾਹੀਦੀ ਹੈ।

i ) ਸੀਨੀਅਰ ਸੈਕੰਡਰੀ ਪਰੀਖਿਆ ਪ੍ਰਣਾਲੀ (10+2) ਪਾਸ ਕੀਤੀ ਹੋਵੇ। **ਅਤੇ**

ii) ਸੰਸਥਾ ਦੁਆਰਾ ਕਰਵਾਏ ਗਏ Company Secretary Executive Entrance Test (CSEET) ਪਾਸ ਕੀਤਾ ਹੋਵੇ।

ਹੇਠ ਲਿਖੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਸੀ. ਐੱਸ.ਈ.ਟੀ ਦੀ ਯੋਗਤਾ ਤੋਂ ਛੋਟ ਦਿੱਤੀ ਜਾਏਗੀ -:

- ਸੀ.ਐੱਸ ਫ਼ਾਊਂਡੇਸ਼ਨ ਪ੍ਰੋਗਰਾਮ ਪਾਸ ਵਿਦਿਆਰਥੀ
- ਆਈ.ਸੀ.ਏ.ਆਈ. (ਇੰਸਟੀਟਿਊਟ ਆਫ਼ ਚਾਰਟਰਡ ਅਕਾਊਂਟੈਂਟ ਆਫ਼ ਇੰਡੀਆ) ਫ਼ਾਈਨਲ ਕੋਰਸ ਪਾਸ ਵਿਦਿਆਰਥੀ
- ਆਈ.ਸੀ.ਐੱਮ.ਏ.ਆਈ (ਇੰਸਟੀਟਿਊਟ ਆਫ਼ ਲਾਗਤ ਅਕਾਊਂਟੈਂਟ ਆਫ਼ ਇੰਡੀਆ) ਫ਼ਾਈਨਲ ਕੋਰਸ ਪਾਸ ਵਿਦਿਆਰਥੀ

## SELECTION CRITERIA/ਚੋਣ ਮਾਪਦੰਡ-:

ਕੁਆਲਟੀ ਬਣਾਈ ਰੱਖਣ ਅਤੇ ਬੈੱਚ ਦੇ ਸੀਮਤ ਆਕਾਰ ਨੂੰ ਵਿਚਾਰਨ ਲਈ, ਉਮੀਦਵਾਰ ਦੀ ਚੋਣ ਹੇਠ ਦਿੱਤੇ ਮਾਪਦੰਡ ਦੇ ਅਧਾਰ 'ਤੇ ਕੀਤੀ ਜਾਏਗੀ।

1. ਅਕਾਦਮਿਕ ਸੀ.ਐੱਸ.ਈ.ਟੀ/.ਫ਼ਾਊਂਡੇਸ਼ਨ/ਸੀ.ਏ /.ਸੀ.ਡਬਲਯੂ.ਏ/.ਗ੍ਰੈਜੂਏਸ਼ਨ ਦੇ ਅੰਤਮ ਪਾਸ ਵਿੱਚ ਪ੍ਰਾਪਤ ਅੰਕ ਸਮੇਤ ਉਮੀਦਵਾਰਾਂ ਦੀਆਂ ਵਿਦਿਅਕ ਪ੍ਰਾਪਤੀਆਂ ਦੇ ਅਧਾਰ 'ਤੇ।
2. ਸਮੂਹ ਵਿਚਾਰ ਵਟਾਂਦਰੇ/Group Discussion
3. ਨਿੱਜੀ ਇੰਟਰਵਿਊ/Personal Interview

## SCHEDULE OF REGISTRATION/ ਰਜਿਸਟ੍ਰੇਸ਼ਨ ਦੀ ਸਮਾਂ ਸੂਚੀ :-

| Month of CSEET | Period During which candidates can register for CSEET | CSEET Exam date |
|---|---|---|
| May | 16th December to 15th April | Saturday/ Sunday in 2nd /3rd Week of May |
| July | 16th April to 15th June | Saturday/ Sunday in 2nd /3rd Week of July |
| November | 16th June to 15th October | Saturday/ Sunday in 2nd /3rd Week of November |
| January | 16th October to 15th December | Saturday/ Sunday in 2nd /3rd Week of January |

- ਸੰਸਥਾ ਉਪਰੋਕਤ ਕਾਰਜਕ੍ਰਮ ਵਿੱਚ ਸੋਧ ਕਰਨ ਦਾ ਆਪਣਾ ਅਧਿਕਾਰ ਰੱਖਦਾ ਹੈ।

**2.5 ਫ਼ੀਸ/FEES:-** ਕੋਰਸ ਦੇ ਕਾਰਜਕਾਰੀ ਪ੍ਰੋਗਰਾਮ ਦੀਆਂ ਫ਼ੀਸਾਂ ਪ੍ਰਤੀ ਸਾਲ 2,00,000/-ਰੁਪਏ ਹਨ ਫ਼ੀਸਾਂ ਦੋ ਕਿਸ਼ਤਾਂ ਵਿੱਚ ਅਦਾ ਕੀਤੀਆਂ ਜਾ ਸਕਦੀਆਂ ਹਨ। ਫ਼ੀਸ ਦੀ ਪਹਿਲੀ ਕਿਸ਼ਤ ਦਾਖ਼ਲੇ ਸਮੇਂ ਅਤੇ ਦੂਜੀ ਕਿਸ਼ਤ ਸਤੰਬਰ ਦੇ ਅੰਤ ਤੱਕ ਅਦਾ ਕੀਤੀ ਜਾਣੀ ਚਾਹੀਦੀ ਹੈ।

- ਨੋਟ -:ਵਿਸਥਾਰ ਵਿੱਚ ਜਾਣਕਾਰੀ ਲਈ www.icsi.edu, https://www.icsi.edu/ccgrt/home/ ਵੈੱਬ ਸਾਈਟ 'ਤੇ ਦੇਖ ਸਕਦੇ ਹਾਂ।

## 2.6 CS- JOB OPPORTUNITIES & PAY PACKAGE/ਨੌਕਰੀ ਦੇ ਮੌਕੇ ਅਤੇ ਤਨਖਾਹ ਪੈਕੇਜ :-

ਸਿਰਫ ਨਿੱਜੀ ਖੇਤਰ ਵਿੱਚ ਹੀ ਨਹੀਂ, ਬਲਕਿ ਭਾਰਤ ਸਰਕਾਰ ਵੀ ਕੰਪਨੀ ਸੈਕਟਰੀ ਕੈਰੀਅਰ ਦਾ ਦਾਇਰਾ ਮੁਹੱਈਆ ਕਰਵਾਉਂਦੀ ਹੈ। ਸਰਕਾਰੀ ਵਿੱਤੀ ਸੰਸਥਾਵਾਂ, ਸਟਾਕ ਐਕਸਚੇਂਜ, Bureau ਔਫ ਪਬਲਿਕ ਐਂਟਰਪ੍ਰਾਈਜ, ਰਾਸ਼ਟਰੀਕਰਣ ਬੈਂਕਾਂ ਵਿੱਚ ਕਨੂੰਨ ਸੇਵਾਵਾਂ, ਕੰਪਨੀ ਮਾਮਲਿਆਂ ਦੇ ਵਿਭਾਗ ਭਾਰਤ ਵਿੱਚ ਸੀਐਸ ਦੇ ਕੁਝ ਵਿਸ਼ਾਲ ਖੇਤਰ ਹਨ।

ਇਸ ਖੇਤਰ ਵਿੱਚ ਕੁਝ ਕੈਰੀਅਰ ਹੇਠ ਲਿਖੇ ਅਨੁਸਾਰ ਹਨ-:

Assistance to the Board of Directors
Company Registrar
Legal Advisor
Corporate Policymaker
Chief Administrative Officer
Principal Secretary
Corporate Planner
Chairman
Managing Director
Administrative Assistant
Administrative Secretary etc.

ਕੰਪਨੀ ਸੈਕਟਰੀ ਦੀ ਆਮਦਨ ਉਸਦੇ ਖੇਤਰ ਵਿੱਚ ਉਨ੍ਹਾਂ ਦੇ ਤਜ਼ਰਬੇ 'ਤੇ ਨਿਰਭਰ ਕਰਦੀ ਹੈ। ਭਾਰਤ ਵਿੱਚ ਮਹੀਨਾਵਾਰ ਅਰੰਭੀ ਤਨਖਾਹ28 , 000 ਤੋਂ 40, 000 ਰੁਪਏ ਦੇ ਵਿੱਚ ਕਿਤੇ ਵੀ ਹੋ ਸਕਦੀ ਹੈ। ਇੱਥੇ ਵੀ, ਤਜ਼ਰਬੇ ਦੇ ਤੌਰ 'ਤੇ ਵਾਧੇ ਲਈ ਬਹੁਤ ਸਾਰੀ ਜਗ੍ਹਾ ਹੈ ਅਤੇ ਇੱਕ ਪ੍ਰਸਿੱਧ ਮਾਲਕ ਇੱਕ ਕੰਪਨੀ ਸੈਕਟਰੀ ਦੀ ਤਨਖਾਹ ਨੂੰ 100, 000ਪ੍ਰਤੀ ਮਹੀਨਾ ਤਕ ਵਧਾ ਸਕਦਾ ਹੈ। ਕੰਪਨੀ ਸੈਕਟਰੀ ਆਮ ਤੌਰ 'ਤੇ ਕਈ ਗ਼ੈਰ-ਮੁਦਰਾ ਲਾਭ ਪ੍ਰਾਪਤ ਕਰਦੇ ਹਨ। ਜਿਸ ਵਿੱਚ ਛੁੱਟੀ ਤਨਖਾਹ ਸਮੇਤ, ਬੀਮਾ, ਰਿਹਾਇਸ਼ ਅਤੇ ਆਵਾਜਾਈ ਦੇ ਲਈ ਕ੍ਰੈਡਿਟ ਦੇ ਨਾਲ਼ ਬਿਮਾਰੀ ਲਈ ਛੁੱਟੀਆਂ ਆਦਿ ਵੀ ਸ਼ਾਮਲ ਹਨ।

- Jobs ਨਾਲ਼ ਸੰਬੰਧਿਤ ਵਧੇਰੇ ਜਾਣਕਾਰੀ www.ncs.gov.in ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

## 2.7 INSTITUTION/ਸੰਸਥਾ:-

- The Institute of Company Secretaries of India (ICSI)

www.icsi.edu, https://www.icsi.edu/ccgrt/home/
ICSI-CCGRT announces Integrated Company Secretary Course.
For more details, kindly visit: https://www.icsi.edu/ccgrt/integrated-cs-course-full-time/

# 3. CHARTERED ACCOUNTANT (ਚਾਰਟਰਡ ਅਕਾਊਂਟੈਂਟ)

## 3.1 INTRODUCTION/ਜਾਣ-ਪਛਾਣ: -

ਚਾਰਟਰਡ ਅਕਾਊਂਟੈਂਸੀ ਇੱਕ ਕੰਪਨੀ ਦੀ ਵਿੱਤੀ ਨੀਤੀਆਂ ਅਤੇ ਨਿਵੇਸ਼ ਦੀਆਂ ਯੋਜਨਾਵਾਂ ਬਣਾਉਣ ਵਿੱਚ, ਅਤੇ ਇੱਕ ਕੰਪਨੀ ਦੇ ਰਹਿਣ-ਸਹਿਣ ਅਤੇ ਵਿਕਾਸ ਲਈ ਕਾਰੋਬਾਰੀ ਯੋਜਨਾਵਾਂ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਉਂਦੀ ਹੈ।

## 3.2 COURSE/ਕੋਰਸ :-

- Foundation course
- Intermediate course
- Final course

## 3.3 DURATION /ਮਿਆਦ :-

ਸਾਰੇ ਤਿੰਨ ਪੱਧਰਾਂ ਦੀ ਯੋਗਤਾ ਤੋਂ ਬਾਅਦ ਹੀ ਉਮੀਦਵਾਰ ਨੂੰ ਸੀ.ਏ ਦਾ ਅਹੁਦਾ ਦਿੱਤਾ ਜਾਵੇਗਾ। ਆਈ.ਸੀ.ਏ. ਆਈ ਇਕ ਕਾਨੂੰਨੀ ਸੰਸਥਾ ਹੈ ਜੋ ਭਾਰਤ ਵਿਚ ਚਾਰਟਰਡ ਅਕਾਊਂਟੈਂਸੀ ਦੇ ਪੇਸ਼ੇ ਨੂੰ ਨਿਯਮਿਤ ਕਰਨ ਅਤੇ ਕਾਇਮ ਰੱਖਣ ਲਈ ਜ਼ਿੰਮੇਵਾਰ ਹੈ। ਚਾਰਟਰਡ ਅਕਾਊਂਟੈਂਸੀ ਦਾ ਕੋਰਸ ਲਗਭਗ ਪੰਜ ਸਾਲਾਂ ਵਿੱਚ ਪੂਰਾ ਹੁੰਦਾ ਹੈ।

## 3.4 Eligibility/ਯੋਗਤਾ:-

Through Foundation Course route:2+10 -
Through Direct Entry route -:ਕਾੱਮਰਸ ਗ੍ਰੈਜੁਏਟ/ਪੋਸਟ ਗ੍ਰੈਜੁਏਟ (%55) ਜਾਂ ਹੋਰ ਗ੍ਰੈਜੁਏਟ/ਪੋਸਟ ਗ੍ਰੈਜੁਏਟ (%60)

## 3.5 SCHEDULE OF REGISTRATION/ ਰਜਿਸਟ੍ਰੇਸ਼ਨ ਦੀ ਸਮਾਂ ਸੂਚੀ :-

ਫ਼ਾਊਂਡੇਸ਼ਨ ਕੋਰਸ ਲਈ ਮਈ/ਜੂਨ ਦੀ ਪਰੀਖਿਆ ਲਈ 1 ਜਨਵਰੀ ਜਾਂ ਨਵੰਬਰ/ਦਸੰਬਰ ਦੀ ਪਰੀਖਿਆ ਲਈ 1 ਜੁਲਾਈ ਤੋਂ ਪਹਿਲਾਂ ਰਜਿਸਟਰ ਕਰੋ।

## 3.6 FEES/ਫ਼ੀਸ :-

(1) CA Foundation Fee Structure

| S.No. | Details of Fees | Rupees (For Indian Students) |
|---|---|---|
| 1. | Cost of Foundation Prospectus | 200 |
| 2. | CA Foundation Registration Fees | 9000 |
| 3. | Subscription Fees for Student’s Journal (Optional) | 200 |
| 4. | Subscription Fees for Member’s Journal (Optional) | 400 |
| | Total | 9800 |

(2) **CA Intermediate Fee Structure**

ਸੀ.ਏ ਫ਼ਾਊਂਡੇਸ਼ਨ ਤੋਂ ਬਾਅਦ, ਅਗਲਾ ਕਦਮ ਜਿਸਦਾ ਤੁਹਾਨੂੰ ਸਾਹਮਣਾ ਕਰਨਾ ਪਵੇਗਾ ਉਹ ਹੈ ਸੀ.ਏ ਇੰਟਰਮੀਡੀਏਟ ਚਾਰਟਰਡ ਅਕਾਊਂਟੈਂਸੀ ਕੋਰਸ। ਇੱਕ ਵਾਰ ਜਦੋਂ ਵਿਦਿਆਰਥੀ CA ਫ਼ਾਊਂਡੇਸ਼ਨ ਪਾਸ ਕਰ ਲੈਂਦਾ ਹੈ, ਤਾਂ ਉਹ ਆਪਣੇ ਆਪ ਨੂੰ CA ਇੰਟਰਮੀਡੀਏਟ ਕੋਰਸ ਵਿੱਚ ਦਾਖ਼ਲਾ ਕਰਾਉਣ ਦੇ ਯੋਗ ਹੋ ਜਾਵੇਗਾ। ਸੀ.ਏ ਇੰਟਰਮੀਡੀਏਟ ਵਿੱਚ ਫ਼ੀਸ ਹੇਠ ਅਨੁਸਾਰ ਹੈ-:

| S.No. | Details of Fees | Both Groups (Rs) | Single Group (Rs) |
|---|---|---|---|
| 1. | CA Intermediate Registration Fees | 15000 | 11000 |
| 2. | Student's Activity Fees for CA Intermediate | 2000 | 2000 |
| 3. | CA Intermediate Registration Fees as an article assistant | 1000 | |
| | Total CA Intermediate Fees | 18000 | 13000 |

**(3) CA Final Course Fees in India**

ਸੀ.ਏ. ਫ਼ਾਈਨਲ ਆਖਰੀ ਪੜਾਅ ਹੈ, ਜਿਸ ਵਿੱਚੋਂ ਇੱਕ ਵਿਦਿਆਰਥੀ ਨੂੰ ਲੰਘਣਾ ਪੈਂਦਾ ਹੈ। ਇੱਕ ਵਿਦਿਆਰਥੀ CA ਫਾਈਨਲ ਲਈ ਆਪਣੇ ਆਪ ਨੂੰ ਰਜਿਸਟਰ ਕਰਵਾ ਸਕਦਾ ਹੈ। ਇੱਕ ਵਾਰ ਜਦੋਂ ਉਸਨੇ CA ਇੰਟਰਮੀਡੀਏਟ ਦੇ ਦੋਵੇਂ ਸਮੂਹਾਂ ਨੂੰ ਪਾਸ ਕਰ ਦਿੱਤਾ। ਆਪਣੇ ਆਪ ਨੂੰ CA ਫ਼ਾਈਨਲ ਕੋਰਸ ਲਈ ਦਾਖ਼ਲਾ ਕਰਾਉਣ ਲਈ -/22000 ਦੀ ਅਦਾਇਗੀ ਕਰਨੀ ਪੈਂਦੀ ਹੈ।

**(4) Article ship Training Fees**

ਉਪਰੋਕਤ ਕੋਰਸਾਂ ਦੇ ਨਾਲ, ਵਿਦਿਆਰਥੀਆਂ ਨੂੰ ਆਰਟੀਕਲਸ਼ਿਪ ਦੀ ਸਿਖਲਾਈ ਦੇ 3 ਸਾਲ ਪੂਰੇ ਵੀ ਕਰਨੇ ਹਨ। ਉਮੀਦਵਾਰ ਸੀ.ਏ ਇੰਟਰਮੀਡੀਏਟ ਦੇ ਇਕੱਲੇ ਜਾਂ ਦੋਵਾਂ ਸਮੂਹਾਂ ਨੂੰ ਪੂਰਾ ਕਰਨ 'ਤੇ ਆਰਟੀਕਲਸ਼ਿਪ ਦੀ ਸਿਖਲਾਈ ਲਈ ਆਪਣੇ ਆਪ ਨੂੰ ਰਜਿਸਟਰ ਕਰਵਾ ਸਕਦੇ ਹਨ। ਆਈ.ਸੀ.ਏ.ਆਈ ਦੁਆਰਾ 3 ਸਾਲਾਂ ਦੀ ਆਰਟੀਕਲਸ਼ਿਪ ਦੀ ਸਿਖਲਾਈ ਲਈ ਰਜਿਸਟ੍ਰੇਸ਼ਨ ਫ਼ੀਸ -/2000 ਰੁਪਏ ਰੱਖੀ ਗਈ ਹੈ।

**(5) ICITSS Fees in India**

ਆਰਟੀਕਲਸ਼ਿਪ ਦੀ ਸਿਖਲਾਈ ਸ਼ੁਰੂ ਕਰਨ ਤੋਂ ਪਹਿਲਾਂ ਅਤੇ ਸੀ.ਏ ਇੰਟਰਮੀਡੀਏਟ ਕੋਰਸ ਵਿੱਚ ਰਜਿਸਟ੍ਰੇਸ਼ਨ ਕਰਨ ਤੋਂ ਬਾਅਦ ਕਿਸੇ ਨੂੰ ਆਈ.ਸੀ.ਆਈ.ਟੀ.ਐੱਸ. ਐੱਸ .ਦੁਆਰਾ ਪਾਸ ਕਰਨਾ ਪੈਂਦਾ ਹੈ। ਜਿਸ ਵਿੱਚ ਸੂਚਨਾ ਤਕਨਾਲੋਜੀ ਅਤੇ ਓਰੀਐਂਟੇਸ਼ਨ ਪ੍ਰੋਗਰਾਮ ਹੁੰਦਾ ਹੈ। ਅਜਿਹੇ ਕੋਰਸਾਂ ਲਈ ਫ਼ੀਸ ਬਾਰੇ ਜਾਣਕਾਰੀ ਹੇਠਾਂ ਦਿੱਤੀ ਗਈ ਹੈ-:

Information Technology Program – Rs 6500/-
Orientation Program – Rs 7000/-

**(6) AICITSS Fees in India**

ਉਮੀਦਵਾਰਾਂ ਨੂੰ ਲੇਖ ਦੇ ਸਿਖਲਾਈ ਦੇ ਆਪਣੇ ਪਿਛਲੇ ਦੋ ਸਾਲਾਂ ਵਿੱਚ ਏ.ਆਈ.ਸੀ.ਆਈ.ਟੀ.ਐੱਸ ਨੂੰ ਪੂਰਾ ਕਰਨਾ ਪੈਂਦਾ ਹੈ। ਜਿਸ ਵਿੱਚ ਐਡਵਾਂਸ ਇਨਫ਼ਰਮੇਸ਼ਨ ਟ੍ਰੇਨਿੰਗ ਪ੍ਰੋਗਰਾਮ ਅਤੇ ਮੈਨੇਜਮੈਂਟ ਐਂਡ ਕਮਿਊਨੀਕੇਸ਼ਨਜ਼ ਸਕਿੱਲ ਪ੍ਰੋਗਰਾਮ ਹੁੰਦੇ ਹਨ।ਅਜਿਹੇ ਕੋਰਸਾਂ ਲਈ ਫ਼ੀਸ ਬਾਰੇ ਜਾਣਕਾਰੀ ਹੇਠਾਂ ਦਿੱਤੀ ਗਈ ਹੈ-:

Advanced Information Technology Program – Rs 7500/-
Management and Communication Skills – Rs 7000/-

- ਨੋਟ:- ਵਧੇਰੇ ਜਾਣਕਾਰੀ ਲਈ www.icai.org 'ਤੇ ਲਾੱਗਇਨ ਕਰੋ

## 3.7 CA- JOB OPPORTUNITIES & PAY PACKAGE/ਨੌਕਰੀ ਦੇ ਮੌਕੇ ਅਤੇ ਤਨਖਾਹ ਪੈਕੇਜ :-

- ਸੀ.ਏਜ਼ ਅੱਜ ਚੋਟੀ ਦੇ ਪ੍ਰਬੰਧਨ ਟੀਮ ਦਾ ਹਿੱਸਾ ਹਨ ਅਤੇ ਕਾਰਪੋਰੇਟ ਸੈਕਟਰ ਵਿੱਚ ਬਹੁਤ ਅਹਿਮ ਸਥਾਨ ਰੱਖਦੇ ਹਨ। ਇਥੋਂ ਤਕ ਕਿ ਸਰਕਾਰ ਵਿੱਚ ਵੀ ਉਹ ਪ੍ਰਮੁੱਖ ਅਹੁਦਿਆਂ 'ਤੇ ਬਿਰਾਜਮਾਨ ਹਨ। ਸੀ.ਏਜ਼ ਆਡੀਟਰ ਦੇ ਰੂਪ ਵਿੱਚ ਵੀ ਕੰਮ ਕਰਦੇ ਹਨ ਅਤੇ ਆਡੀਟ ਤੋਂ ਇਲਾਵਾ, ਇਨਕਮ-ਟੈਕਸ ਐਕਟ, 1961 ਅਧੀਨ ਕੁਝ ਵਿਸ਼ੇਸ਼ ਪ੍ਰਬੰਧ ਹਨ, ਜਿਸ ਵਿੱਚ ਕੰਪਨੀ ਨੂੰ ਸੀਏਜ਼ ਦੁਆਰਾ ਪ੍ਰਮਾਣੀਕਰਣ ਦੀ ਲੋੜ ਹੁੰਦੀ ਹੈ। CA ਸਿੱਧੇ ਟੈਕਸ ਦੇ ਖੇਤਰ ਵਿੱਚ ਸਲਾਹਕਾਰੀ ਸੇਵਾਵਾਂ ਵੀ ਪੇਸ਼ ਕਰਦੇ ਹਨ।
- ਇਕ ਵਿਦਿਆਰਥੀ ਜੋ ਇੰਡੀਆ ਦੇ ਚਾਰਟਰਡ ਅਕਾਉਂਟੈਂਟ ਇੰਸਟੀਚਿਊਟ ਦੀ ਅੰਤਿਮ ਪਰੀਖਿਆ ਪਾਸ ਕਰ ਚੁੱਕਾ ਹੈ, ਕੇਂਦਰ ਸਰਕਾਰ ਦੇ ਅਧੀਨ ਉੱਤਮ ਸੇਵਾਵਾਂ/ਅਸਾਮੀਆਂ ਲਈ ਭਰਤੀ ਦੇ ਯੋਗ ਹੈ । ਇਸ ਅਨੁਸਾਰ ਜਿਸ ਉਮੀਦਵਾਰ ਕੋਲ਼ ਇਹ ਯੋਗਤਾ ਹੈ, ਸਿਵਲ ਸੇਵਾਵਾਂ ਪਰੀਖਿਆ ਵਿੱਚ ਦਾਖ਼ਲੇ ਲਈ ਯੋਗ ਹੈ, ਜੋ ਆਈ.ਏ. ਐੱਸ, ਆਈ.ਪੀ.ਐੱਸ ਅਤੇ ਹੋਰ ਸਮੂਹ 'ਏ'/ਸਮੂਹ 'ਬੀ' ਕੇਂਦਰੀ ਸੇਵਾਵਾਂ/ਪੋਸਟਾਂ ਵਿੱਚ ਭਰਤੀ ਲਈ ਕਮਿਸ਼ਨ ਦੁਆਰਾ ਆਯੋਜਿਤ ਕੀਤਾ ਜਾਂਦਾ ਹੈ।
- ਚਾਰਟਰਡ ਅਕਾਉਂਟੈਂਟਸ ਹੇਠਲੇ ਗਤੀਸ਼ੀਲ ਖੇਤਰਾਂ ਵਿੱਚ ਵੀ ਸੇਵਾਵਾਂ ਦੇ ਸਕਦੇ ਹਨ :-

.1 Strategic Financial Decisions
2. Capital and Money Market
3. Foreign Exchange Risk Management
4. Mergers and Acquisitions
5. Investment Banking
6. Treasury Management
7. Hedge Funds
8. Portfolio Management
9. Risk Management
10. Mutual Funds
11. Credit Rating
12. Venture Capital

ਭਾਰਤ ਵਿਚ ਚਾਰਟਰਡ ਅਕਾਉਂਟੈਂਟਸ ਦੀ ਔਸਤਨ ਤਨਖਾਹ 7-6 ਲੱਖ ਤੋਂ ਲੈ ਕੇ 30 ਲੱਖ ਤੱਕ ਹੈ।ਅੰਤਰਰਾਸ਼ਟਰੀ ਪੈਕੇਜ ਹੋਰ ਵੀ ਵੱਧ ਹਨ।

- Jobs ਨਾਲ਼ ਸੰਬੰਧਿਤ ਵਧੇਰੇ ਜਾਣਕਾਰੀ www.ncs.gov.in ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

## 3.8 INSTITUTE/ਸੰਸਥਾ :-

The Institute of Chartered Accountants of India
ICAI Bhawan
Indraprastha Marg
Post Box No. 7100
New Delhi - 110 002
Northern India Regional Council of The Institute of Chartered Accountants of India ICAI BHAWAN, 52-54, Institutional Area, Vishwas Nagar, Shahdara, Near, Karkardooma Courts, Delhi - 110 032 Phone: 011-39893990, 30210601, Fax: 011- 30210680 E-mail: nro@icai.in

# 4. LAW ( ਲਾਅ)

## 4.1 INTRODUCTION/ਜਾਣ-ਪਛਾਣ: -

Law course ਅਨੁਸ਼ਾਸਤ ਸਮਾਜ ਦੀ ਸਥਾਪਨਾ ਤੇ ਪ੍ਰਬੰਧਨ ਲਈ ਬਣਾਏ ਕਨੂੰਨ, ਨਿਯਮਾਂ ਦਾ ਅਧਿਐਨ ਕਰਨਾ ਹੈ । ਜੋ ਕੀ ਰੀਤੀ ਰਿਵਾਜ, ਸਮਝੌਤੇ ਜਾਂ ਪ੍ਰਸ਼ਾਸ਼ਨ ਦੁਆਰਾ ਬਣਾਏ ਜਾਂਦੇ ਹਨ ਅਤੇ ਵੱਖ –ਵੱਖ ਸੰਸਥਾਵਾਂ ਰਾਹੀਂ ਲਾਗੂ ਕੀਤੇ ਜਾਂਦੇ ਹਨ । ਲਾੱਅ ਕੋਰਸ ਕਨੂੰਨ ਸੰਬੰਧਿਤ ਪੇਸ਼ੇ ਵਿਚ ਸਫ਼ਲ ਕੈਰੀਅਰ ਬਣਾਉਣ ਲਈ ਵਧੀਆ ਮੌਕੇ ਪ੍ਰਦਾਨ ਕਰਦੇ ਹਨ।

## 4.2 COURSES/ਕੋਰਸ:-

- Integrated course – B.COM LLB/ BBA LLB
- Bachelor of Law (LLB)

## 4.3 DURATION/ਮਿਆਦ :-

- LLB integrated course- 5 years
- LLB- 3 years

## 4.4 ELIGIBILITY/ ਯੋਗਤਾ:-

- LLB integrated course ਵਿੱਚ ਸ਼ਾਮਲ ਹੋਣ ਲਈ ਘੱਟੋ ਘੱਟ ਯੋਗਤਾ:-
    - ਬਾਰ੍ਹਵੀਂ ਜਮਾਤ ਵਿੱਚ ਘੱਟੋ-ਘੱਟ 45% (ਜਰਨਲ ਕੈਟਾਗਰੀ), 40% (SC/ST ਕੈਟਾਗਰੀ) ਲਈ ਅਤੇ ਐੱਲ.ਐੱਲ.ਬੀ. ਕੋਰਸਾਂ ਵਿੱਚ ਦਾਖ਼ਲੇ ਲਈ ਲੋੜੀਂਦੇ ਦਾਖਲਾ ਟੈਸਟ ਜਿਵੇਂ ਕਿ CLAT ਲਈ ਯੋਗਤਾ ਪੂਰੀ ਕਰੋ। Integrated course ਲਈ ਕੁਝ ਯੂਨੀਵਰਸਿਟੀਆਂ ਜਿਵੇਂ ਕੀ ਪੀ.ਯੂ. ਚੰਡੀਗੜ੍ਹ integrated ਕੋਰਸ ਲਈ ਆਪਣੀ ਪਰਵੇਸ਼ ਪਰੀਖਿਆ ਕਰਾਉਂਦੀਆਂ ਹਨ।
- LLB ਕੋਰਸ ਵਿੱਚ ਸ਼ਾਮਲ ਹੋਣ ਲਈ ਘੱਟੋ-ਘੱਟ ਯੋਗਤਾ:-
    - ਸਿੱਧੇ ਦਾਖ਼ਲੇ ਲਈ ਘੱਟੋ-ਘੱਟ 40% ਦੇ ਨਾਲ਼ ਗ੍ਰੈਜੂਏਸ਼ਨ ਹੋਣੀ ਚਾਹੀਦੀ ਹੈ ।
    - ਦਾਖ਼ਲਾ ਪਰੀਖਿਆ ਦੁਆਰਾ-ਵਿਦਿਆਰਥੀ ਨੂੰ ਨਾਮਵਰ ਲਾੱਅ ਕਾਲਜਾਂ ਵਿਚ ਦਾਖਲੇ ਲਈ ਕੱਟ-ਮਾਰਕਸ ਦੁਆਰਾ ਯੋਗਤਾ ਪ੍ਰਾਪਤ ਕਰਨੀ ਹੋਵੇਗੀ ।

**ENTRANCE EXAM CLAT**

- The Common Law Admission Test (CLAT) ਦੇਸ਼ ਭਰ ਦੀਆਂ 22 ਰਾਸ਼ਟਰੀ ਲਾਅ ਯੂਨੀਵਰਸਟੀਆਂ ਦੁਆਰਾ ਪੇਸ਼ ਕੀਤੇ ਗਏ ਅੰਡਰਗ੍ਰੈਜੂਏਟ) ਯੂ.ਜੀ (ਅਤੇ ਪੋਸਟ ਗ੍ਰੈਜੂਏਟ) ਪੀ.ਜੀ (ਲਾੱਅ ਪ੍ਰੋਗਰਾਮਾਂ ਲਈ ਦਾਖ਼ਲੇ ਲਈ ਰਾਸ਼ਟਰੀ ਪੱਧਰ ਦੀ ਦਾਖ਼ਲਾ ਪਰੀਖਿਆ ਹੈ ।ਐਪਲੀਕੇਸ਼ਨ ਫੀਸ 4000 (ਜਰਨਲ ਕੈਟਾਗਰੀ) ਅਤੇ 3500 (SC/ST/BPL ਕੈਟਾਗਰੀ) ਲਈ ਹੈ।
- ਭਾਰਤ ਵਿੱਚ ਬਹੁਤੇ ਪ੍ਰਾਈਵੇਟ ਅਤੇ ਸਵੈ-ਵਿੱਤ ਨਾਲ਼ ਜੁੜੇ ਕਨੂੰਨ ਸਕੂਲ ਵੀ ਇਨ੍ਹਾਂ ਸਕੋਰਾਂ ਨੂੰ ਕਨੂੰਨੀ ਦਾਖ਼ਲੇ ਲਈ ਵਰਤਦੇ ਹਨ।
- CLAT ਨੁਮਾਇੰਦੇ ਯੂਨੀਵਰਸਿਟੀਆਂ ਦੇ ਨੈਸ਼ਨਲ ਲਾੱਅ ਯੂਨੀਵਰਸਟੀਜ਼ ਦੇ ਕੋਂਸੋਰਟੀਅਮ ਦੁਆਰਾ ਆਯੋਜਿਤ ਕੀਤੀ ਗਈ ਹੈ।
- UG-CLAT 2020 ਉਮੀਦਵਾਰਾਂ ਦੀ ਸਮਝ ਅਤੇ ਦਲੀਲਾਂ ਦੇ ਹੁਨਰਾਂ ਅਤੇ ਯੋਗਤਾਵਾਂ ਦਾ ਮੁਲਾਂਕਣ ਕਰਨ 'ਤੇ ਕੇਂਦਰਿਤ ਕਰਦਾ ਹੈ। ਇਹ ਪ੍ਰਸ਼ਨ ਅਗਲੇ 5 ਵਿਸ਼ਿਆਂ ਵਿੱਚ ਵੰਡੇ ਜਾਣਗੇ:

- English Language
- Current Affairs, including General Knowledge
- Legal Reasoning
- Logical Reasoning
- Quantitative Techniques

➢ ਨੋਟ:- ਵਧੇਰੇ ਜਾਣਕਾਰੀ ਲਈ official websites 'ਤੇ ਲਾੱਗ ਇਨ ਕਰੋ।

- PU Law Entrance Test for BA / B.Com LLB integrated course :- www.puchd.ac.in
- CLAT:- https://consortiumofnlus.ac.in/clat-2020/

## 4.5 SCHEDULE OF REGISTRATION/ਰਜਿਸਟ੍ਰੇਸ਼ਨ ਦੀ ਸਮਾਂ ਸੂਚੀ :-

Online application:-ਜਨਵਰੀ ਤੋਂ ਮਾਰਚ ਤੱਕ ਭਰ ਸਕਦੇ ਹਾਂ।

CLAT Exam ਜੂਨ ਵਿੱਚ ਲਿਆ ਜਾਂਦਾ ਹੈ।

## 4.6 FEES/ਫ਼ੀਸ-:

- BBA in Hotel and Tourism Management
- B.Sc in Hospitality and Tourism Studies
- B.Sc in Hospitality and Catering Management
- B.Sc in Hospitality and Hotel Administration
- BA in Hotel Management, Travel and Tourism
- Bachelor of Hotel Management and Catering Technology
- BBA In Hospitality, Travel & Tourism
- B.Sc in Airlines, Tourism and Hospitality
- Bachelor of Tourism Administration
- B.Com Travel and Tourism Management
- BBA in Travel and Tourism Management
- BA Hospitality Administration + Bachelor in Tourism Studies

## 13.3 DURATION/ ਮਿਆਦ :-

BHMTT ਦੇ ਕੋਰਸ ਦੀ ਮਿਆਦ ਤਿੰਨ ਸਾਲ ਅਤੇ ਹੋਰਾਂ ਵਿੱਚ ਇਹ ਚਾਰ ਸਾਲ ਹੁੰਦੀ ਹੈ। Integrated ਕੋਰਸ ਦੀ ਮਿਆਦ 5 ਸਾਲ ਹੁੰਦੀ ਹੈ।

## 13.4 ELIGIBILITY CRITERIA/ਯੋਗਤਾ:-

**ਡਿਪਲੋਮਾ ਅਤੇ ਗ੍ਰੈਜੂਏਸ਼ਨ ਕੋਰਸ:-**

ਉਮੀਦਵਾਰਾਂ ਨੇ ਕਿਸੇ ਵੀ ਮਾਨਤਾ ਪ੍ਰਾਪਤ ਬੋਰਡ ਤੋਂ 12 ਵੀਂ ਦੀ ਪਰੀਖਿਆ ਪੂਰੀ ਕੀਤੀ ਹੋਣੀ ਚਾਹੀਦੀ ਹੈ।ਪ੍ਰਾਹੁਣਚਾਰੀ ਅਤੇ ਸੈਰ-ਸਪਾਟਾ ਵਿੱਚ ਡਿਪਲੋਮਾ ਕੋਰਸਾਂ ਵਿੱਚ ਦਾਖ਼ਲਾ 12ਵੀਂ ਅੰਕਾਂ ਦੇ ਅਧਾਰ 'ਤੇ ਕੀਤਾ ਜਾਵੇਗਾ। ਬੈਚਲਰ ਕੋਰਸਾਂ ਵਿਚ ਦਾਖ਼ਲਾ 12 ਵੀਂ ਅੰਕਾਂ ਦੇ ਅਧਾਰ 'ਤੇ ਕੀਤਾ ਜਾਵੇਗਾ।ਹਾਲਾਂਕਿ,ਕੁਝ ਕਾਲਜ ਦਾਖ਼ਲੇ ਲਈ ਐੱਨ.ਸੀ.ਐੱਚ.ਐੱਮ. ਜੇ.ਈ.ਈ. ਦਾਖ਼ਲਾ ਪਰੀਖਿਆ ਲਈ ਕਹਿ ਸਕਦੇ ਹਨ। ਇਸ ਤੋਂ ਇਲਾਵਾ, ਬਹੁਤ ਸਾਰੇ ਕਾਲਜ ਯੋਗਤਾ ਦੇ ਵਾਧੂ ਮਾਪਦੰਡਾਂ ਦੀ ਸੂਚੀ ਵੀ ਦਿੰਦੇ ਹਨ, ਜਿਸ ਵਿਚ ਇਹ ਜ਼ਰੂਰੀ ਹੁੰਦਾ ਹੈ ਕਿ ਉਮੀਦਵਾਰ ਆਪਣੀ ਕਲਾਸ 12 ਦੇ ਪੱਧਰ 'ਤੇ ਅੰਗਰੇਜੀ ਦਾ ਅਧਿਐਨ ਕਰਨ ਦੇ ਮੁੱਖ ਵਿਸ਼ੇ ਵਜੋਂ ਪੜ੍ਹਿਆ ਹੋਣਾ ਚਾਹੀਦਾ ਹੈ।

## 13.5 SCHEDULE OF REGISTRATION/ਰਜਿਸਟ੍ਰੇਸ਼ਨ ਦੀ ਸਮਾਂ ਸੂਚੀ :-

ਆਮ ਤੌਰ 'ਤੇ ਦੇਸ਼ ਭਰ ਦੀਆਂ ਵੱਖ ਵੱਖ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਦਾਖ਼ਲਾ ਪ੍ਰਕਿਰਿਆ ਬਾਰ੍ਹਵੀਂ ਜਮਾਤ ਦੇ ਨਤੀਜੇ ਦੇ ਐਲਾਨ ਤੋਂ ਬਾਅਦ ਸ਼ੁਰੂ ਹੁੰਦੀ ਹੈ ।ਇਕ ਵਾਰ ਜਦੋਂ ਬਾਰ੍ਹਵੀਂ ਜਮਾਤ ਦੇ ਨਤੀਜੇ ਆਉਂਦੇ ਹਨ,ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੰਬੰਧਿਤ ਕਾਲਜ/ਯੂਨੀਵਰਸਿਟੀ ਦੀ ਵੈਬਸਾਈਟ ਚੈੱਕ ਕਰਨ ਜਿਸ ਵਿੱਚ ਉਹ ਦਾਖ਼ਲਾ ਲੈਣਾ ਚਾਹੁੰਦਾ ਹੈ।

## 13.6 COURSE FEES/ਫ਼ੀਸ :-

ਸਰਕਾਰੀ ਕਾਲਜਾਂ ਤੋਂ ਕੋਰਸ ਦੀ ਫ਼ੀਸ ਪ੍ਰਾਈਵੇਟ ਕਾਲਜਾਂ ਨਾਲੋਂ ਘੱਟ ਹੋਵੇਗੀ।ਔਸਤਨ 3 ਲੱਖ ਤੋਂ 6 ਲੱਖ ਤੱਕ ਫ਼ੀਸ ਹੋ ਸਕਦੀ ਹੈ । ਵੱਖੋ-ਵੱਖਰੇ ਕਾਲਜਾਂ ਦੀ ਫ਼ੀਸ ਵੱਖਰੀ ਹੈ ।

➢ ਨੋਟ :- ਜਾਣਕਾਰੀ ਲਈ ਸੰਬੰਧਿਤ ਕਾਲਜ ਦੀ ਵੈੱਬਸਾਈਟ ’ਤੇ ਲਾੱਗ ਇਨ ਕਰੋ ।

## 13.7 JOB OPPORTUNITIES & PAY PACKAGE/ ਨੌਕਰੀ ਦੇ ਮੌਕੇ ਅਤੇ ਤਨਖ਼ਾਹ ਪੈਕੇਜ

- Hotel/Restaurant Sales Manager.
- Hotel Revenue Manager.
- Director of Resort Facilities.
- General Hotel Manager.
- Restaurant Manager.
- Banquet Manager.
- Head of Food and Beverage.
- Meeting, Convention and Event Planners.
- Holiday/ Travel Agent
- Travel Executive
- Tourism Manager
- Travel Officer/ Coordinator
- Airlines/ Ground Staff
- Tourist Guide
- Transport Officer
- Travel Counsellor/ Consultant
- Tour Operator
- Travel Writer
- ਇਸ ਖੇਤਰ ਵਿਚ ਡਿਪਲੋਮਾ ਜਾਂ ਗ੍ਰੈਜੂਏਸ਼ਨ ਕਰਨ ਤੋਂ ਬਾਅਦ 20,000-25,000 ਪ੍ਰਤੀ ਮਹੀਨਾ ਰੁਪਏ ਦੀ ਸ਼ੁਰੂਆਤੀ ਤਨਖਾਹ ਹੋ ਸਕਦੀ ਹੈ ।ਹਵਾਬਾਜ਼ੀ ਅਤੇ ਏਅਰਲਾਇੰਸ ਦੇ ਖੇਤਰ ਵਿੱਚ ਤਨਖ਼ਾਹ ਪੈਕੇਜ ਸ਼ੁਰੂ ਕਰਨਾ 60,000 ਤੱਕ ਜਾ ਸਕਦਾ ਹੈ।

➢ Jobs ਨਾਲ ਸੰਬੰਧਿਤ ਵਧੇਰੇ ਜਾਣਕਾਰੀ www.ncs.gov.in ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ ।

## 13.8 INSTITUTION/ਸੰਸਥਾ:-

1. Indian Institute of Travel & Tourism Management, New Delhi:- https://www.iittmnoida.ac.in/
2. Kota Open University, Rajasthan:- https://www.vmou.ac.in/
3. Indira Gandhi National Open University, New Delhi (http://www.ignou.ac.in/)
4. Panjab University, Chandigarh. www.puchd.ac.in
5. Guru Nanak Dev University, Amritsar. www.gndu.ac.in

# 14. COMPUTER (Bachelor in Computer Application)
# ਕੰਪਿਊਟਰ (ਬੈਚਲਰ ਆਫ਼ ਕੰਪਿਊਟਰ ਐਪਲੀਕੇਸ਼ਨ)

## 14.1 INTRODUCTION/ਜਾਣ-ਪਛਾਣ: -

ਨੈੱਟਵਰਕਿੰਗ ਕੋਰਸਾਂ ਲਈ ਕੰਪਿਊਟਰ ਪ੍ਰੋਗਰਾਮਿੰਗ, ਆਮ ਤੌਰ 'ਤੇ ਉਹਨਾਂ ਵਿਦਿਆਰਥੀਆਂ ਦੁਆਰਾ ਕੀਤੀ ਜਾਂਦੀ ਹੈ, ਜੋ ਕੰਪਿਊਟਰ ਐਪਲੀਕੇਸ਼ਨਾਂ ਦੇ ਵੱਖ-ਵੱਖ ਪਹਿਲੂਆਂ ਵਿੱਚ ਮਾਹਰ ਬਣਨਾ ਅਤੇ ਆਈ.ਟੀ ਉਦਯੋਗ ਵਿੱਚ ਇੱਕ ਸਫ਼ਲ ਕੈਰੀਅਰ ਬਣਾਉਣਾ ਚਾਹੁੰਦੇ ਹਨ।

ਕੰਪਿਊਟਰ ਐਪਲੀਕੇਸ਼ਨਜ਼ ਕੋਰਸ ਵਿਦਿਆਰਥੀ ਨੂੰ ਤਕਨੀਕੀ ਗਿਆਨ ਨੂੰ ਵਧਾਉਣ ਅਤੇ ਲਾਗੂ ਕਰਨ ਦਾ ਮੌਕਾ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ।

## 14.2 COURSES/ਕੋਰਸ :-

1. Diploma in Computer Application
2. Bachelor in Computer Application

## 14.3 DURATION/ਮਿਆਦ :-

Diploma in Computer Application -:6-12 months
Bachelor in Computer Application:- 3 years

## 14.4 ELIGIBILITY /ਯੋਗਤਾ: -

ਲਾਜ਼ਮੀ ਵਿਸ਼ੇ ਵਜੋਂ ਅੰਗਰੇਜ਼ੀ ਦੇ ਨਾਲ਼ ਕਿਸੇ ਵੀ ਸੰਬੰਧਿਤ ਸਟ੍ਰੀਮ ਵਿੱਚ 10 + 2 ਵਿੱਚ ਘੱਟੋ-ਘੱਟ 45- 50% ਅੰਕ (ਪਾਸ ਪ੍ਰਤੀਸ਼ਤਤਾ ਕਾਲਜ ਤੋਂ ਕਾਲਜ ਵੱਖ-ਵੱਖ ਹੋ ਸਕਦੀ ਹੈ)।

## 14.5 SCHEDULE OF REGISTRATION/ਰਜਿਸਟ੍ਰੇਸ਼ਨ ਦੀ ਸਮਾਂ ਸੂਚੀ :-

ਆਮ ਤੌਰ 'ਤੇ ਦੇਸ਼ ਭਰ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਬੀ.ਸੀ.ਏ. ਦਾਖ਼ਲਾ ਪ੍ਰੀਕਿਰਿਆ ਬਾਰ੍ਹਵੀਂ ਜਮਾਤ ਦੇ ਨਤੀਜੇ ਦੇ ਐਲਾਨ ਤੋਂ ਬਾਅਦ ਸ਼ੁਰੂ ਹੁੰਦੀ ਹੈ । ਇਕ ਵਾਰ ਜਦੋਂ ਬਾਰ੍ਹਵੀਂ ਜਮਾਤ ਦੇ ਨਤੀਜੇ ਆਉਂਦੇ ਹਨ, ਉਮੀਦਵਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੰਬੰਧਿਤ ਕਾਲਜ/ਯੂਨੀਵਰਸਿਟੀ ਦੀ ਵੈੱਬਸਾਈਟ ਚੈੱਕ ਕਰਨ, ਜਿਸ ਵਿਚ ਉਹ ਦਾਖ਼ਲਾ ਲੈਣਾ ਚਾਹੁੰਦਾ ਹੈ। ਆਰਜ਼ੀ ਤੌਰ'ਤੇ, ਬੀ.ਸੀ.ਏ. ਦਾਖ਼ਲੇ ਮਈ ਤੋਂ ਸ਼ੁਰੂ ਹੁੰਦੇ ਹਨ।

## 14.6 COURSE FEES/ਕੋਰਸ ਫ਼ੀਸ :-

- Diploma in Computer Application:- ਫ਼ੀਸ ਲਗਭਗ 5,000-20,000
- Bachelor in Computer Application:- ਫ਼ੀਸ ਲਗਭਗ 1.5 ਲੱਖ ਤੋਂ 6 ਲੱਖ

ਸਰਕਾਰੀ ਕਾਲਜਾਂ ਤੋਂ BCA ਕੋਰਸ ਦੀ ਫ਼ੀਸ ਪ੍ਰਾਈਵੇਟ ਕਾਲਜਾਂ ਨਾਲ਼ੋਂ ਘੱਟ ਹੋਵੇਗੀ।

➢ ਨੋਟ:- ਵਧੇਰੇ ਜਾਣਕਾਰੀ ਲਈ ਕਾਲਜਾਂ / ਯੂਨੀਵਰਸਿਟੀਆਂ ਦੀਆਂ official websites 'ਤੇ ਲਾੱਗਇਨ ਕਰੋ।

## 14.7 JOB OPPORTUNITIES AND PAY PACKAGE/ਨੌਕਰੀ ਦੇ ਮੌਕੇ ਅਤੇ ਤਨਖਾਹ ਪੈਕੇਜ :-

- Software Developer
- Technical Analyst
- System Administrators
- Computer Programmer
- Finance Manager
- Technical Support
- ਬੀ.ਸੀ.ਏ. ਦੀ ਡਿਗਰੀ ਵਾਲੇ ਵਿਦਿਆਰਥੀਆਂ ਕੋਲ IT sector, banks, telecom industry, Govt. sector ਆਦਿ ਵਿੱਚ ਨੌਕਰੀ ਦੇ ਵਿਕਲਪ ਹਨ।

ਤਨਖਾਹ ਸ਼ੁਰੂਆਤੀ – Rs. 9,000 to Rs. 15,000 per month

ਤਜ਼ਰਬੇ ਵਾਲੇ ਉਮੀਦਵਾਰਾਂ ਲਈ–Rs.21,000 to Rs.41,000 per month

➢ ਇਹ ਅੰਕੜੇ ਸੰਕੇਤਕ ਹਨ ਅਤੇ ਪਰਿਵਰਤਨ ਦੇ ਅਧੀਨ ਹਨ *(www.ncs.gov.in)*

## 14.8 ਸੰਸਥਾ/ Institutions:-

- Government College, Gurdaspur, Punjab
- University College, Ghudda,Bathinda, Punjab
- Government College for Girls, Ludhiana, Punjab
- Guru Nanak Dev University College, Pathankot, Punjab
- Government Shivalik College, Naya Nangal, Punjab
- Government Mohindra College, Patiala, Punjab
- Government College, Dera Bassi, Punjab
- Government College, Hoshiarpur, Punjab
- Saroop Rani Government College for Women, Amritsar, Punjab
- Satish Chandra Dhawan Government College, Ludhiana, Punjab
- Government College, Ropar, Punjab
- Government College, Sri Muktsar Sahib, Punjab
- University College, Benra,Dhuri, Punjab
- University College, Chunni Kalan, Punjab
- University College, Moonak, Punjab
- Shaheed Bhagat Singh State Technical Campus, Ferozepur, Punjab
- University College, Ghanaur, Punjab
- Government College, Malerkotla, Punjab
- Government College, Ajnala, Punjab
- IK Gujral Punjab Technical University, Jalandhar,Kapurthala, Punjab
- University College, Dhilwan,Barnala, Punjab
- Shaheed Udham Singh Government College, Sunam, Punjab
- Giani Kartar Singh Memorial Government College, Hoshiarpur,Urmar Tanda, Punjab
- National Institute of Electronics & Information Technology, New Delhi
- Delhi University, Delhi

➢ *Note: ਵੱਖ ਵੱਖ ਨਿੱਜੀ ਸੰਸਥਾਵਾਂ ਦੁਆਰਾ ਕੰਪਿਊਟਰ ਐਪਲੀਕੇਸ਼ਨ ਕੋਰਸ ਵੀ ਪੇਸ਼ ਕੀਤੇ ਜਾਂਦੇ ਹਨ। ਇਸ ਲਈ, ਚਾਹਵਾਨਾਂ ਨੂੰ ਦਾਖ਼ਲਾ ਲੈਣ ਤੋਂ ਪਹਿਲਾਂ ਮਾਨਤਾ ਅਤੇ ਪ੍ਰਵਾਨਿਤ ਕੋਰਸਾਂ ਨੂੰ ਯਕੀਨੀ ਬਣਾਉਣ ਦੀ ਸਲਾਹ ਦਿੱਤੀ ਜਾਂਦੀ ਹੈ।*

# 15.CERTIFIED ACCOUTING TECHNICIAN
# ਸਰਟੀਫ਼ਾਈਡ ਅਕਾਊਂਟਿੰਗ ਟੈਕਨੀਸ਼ੀਅਨ (ਸੀ.ਏ.ਟੀ.)

## 15.1 INTRODUCTION/ਜਾਣ-ਪਛਾਣ- :

ਲੇਖਾਬੰਦੀ ਤਕਨੀਕੀ ਕੋਰਸ ਵਿੱਚ ਪ੍ਰਮਾਣ ਪੱਤਰ ਦਾ ਉਦੇਸ਼ (CAT) ਵਿਦਿਆਰਥੀਆਂ ਵਿੱਚ ਲੋੜੀਂਦੇ ਹੁਨਰਾਂ ਨੂੰ ਵਿਕਸਤ ਕਰਨਾ ਹੈ ਤਾਂ ਕਿ ਵਿਦਿਆਰਥੀ Theoretical knowledge of Accounting ਨੂੰ practical situations ਵਿੱਚ ਅਪਲਾਈ ਕਰ ਸਕੇ। ਇਹ ਕੋਰਸ ਭਾਰਤ ਸਰਕਾਰ ਦੇ ਕਾਰਪੋਰੇਟ ਮਾਮਲਿਆਂ ਦੇ ਮੰਤਰਾਲੇ ਦੀ ਸਲਾਹ ਨਾਲ਼ ਸ਼ੁਰੂ ਕੀਤਾ ਗਿਆ ਹੈ। CAT ਕਰਨ ਵਾਲ਼ੇ ਵਿਦਿਆਰਥੀ ਖਾਤਿਆਂ ਦੀ ਸੰਭਾਲ,ਟੈਕਸ ਰਿਟਰਨ ਤਿਆਰ ਕਰਨ,ਕੰਪਨੀਆਂ ਐਕਟ ਅਧੀਨ ਰਿਟਰਨ ਭਰਨ,ਆਮਦਨ ਟੈਕਸ ਦੇ ਅਧੀਨ ਰਿਟਰਨ ਭਰਨ,ਜੀ.ਐਸ.ਟੀ.,ਕਸਟਮ ਐਕਟ,ਨਿਰਯਾਤ ਅਤੇ ਆਯਾਤ ਦੇ ਦਸਤਾਵੇਜ਼ਾਂ ਆਦਿ ਨਾਲ਼ ਜਾਣੂੰ ਹੁੰਦੇ ਹਨ।

## 15.2 COURSE/ਕੋਰਸ:-

ਸਰਟੀਫ਼ਿਕੇਟ ਇਨ ਅਕਾਊਂਟਿੰਗ ਟੈਕਨੀਸ਼ੀਅਨ (ਸੀ.ਏ.ਟੀ. ਕੋਰਸ) ਇੱਕ ਛੋਟਾ-ਮਿਆਦ ਦਾ ਕੋਰਸ ਹੈ। ਕੋਰਸ ਵਿੱਚ ਐਜੂਕੇਸ਼ਨ, ਓਰਲ ਕੋਚਿੰਗ, ਇਸਦੇ ਬਾਅਦ ਆੱਨ-ਲਾਈਨ/ਆੱਫ਼-ਲਾਈਨ ਸਵੈ-ਮੁਲਾਂਕਣ, ਆੱਨ-ਲਾਈਨ ਪਰੀਖਿਆ, ਕੰਪਿਊਟਰ ਸਿਖਲਾਈ, 45 ਦਿਨਾਂ ਦੀ ਇੰਟਰਨਸ਼ਿਪ ਅਤੇ 5 ਦਿਨਾਂ ਦਾ ਓਰੀਐਂਟੇਸ਼ਨ ਪ੍ਰੋਗਰਾਮ ਸ਼ਾਮਲ ਹੈ।

A) Foundation Course (Entry Level) Part-I
B) Competency Level – Part-II

## 15.3 DURATION /ਮਿਆਦ :-

10+2 ਪਾਸ ਵਿਦਿਆਰਥੀਆਂ ਲਈ ਇੱਕ ਸਾਲ ਦੀ ਮਿਆਦ ਦਾ ਕੋਰਸ ਹੈ ।

## 15.4 ELIGIBILITY/ਕੋਰਸ ਲਈ ਯੋਗਤਾ :-

ਜਿਹੜੇ ਵਿਦਿਆਰਥੀ 12 ਵੀਂ ਦੀ ਪਰੀਖਿਆ ਪਾਸ ਹੋਏ ਹਨ, ਉਹ CAT ਕੋਰਸ ਦੇ ਫਾਉਂਡੇਸ਼ਨ ਐਂਟਰੀ ਲੈਵਲ ਭਾਗ1- ਵਿਚ ਦਾਖ਼ਲਾ ਲੈਣ ਦੇ ਯੋਗ ਹਨ।

## 15.5 SCHEDULE OF REGISTRATION/ਰਜਿਸਟ੍ਰੇਸ਼ਨ ਦੀ ਸਮਾਂ ਸੂਚੀ :-

CAT ਕੋਰਸ ਲਈ ਦਾਖ਼ਲਾ ਪਰੀਖਿਆ ਦੇ ਹਵਾਲੇ ਨਾਲ਼ ਕੀਤਾ ਜਾਂਦਾ ਹੈ ਜੋ ਵਰਤਮਾਨ ਸਮੇ ਵਿੱਚ ਇੱਕ ਸਾਲ ਵਿੱਚ ਦੋ ਵਾਰ - ਜੂਨ ਅਤੇ ਦਸੰਬਰ ਮਹੀਨੇ ਵਿੱਚ ਆਯੋਜਿਤ ਕੀਤਾ ਜਾਂਦਾ ਹੈ।

Last Date for Admission:-
For June Term Examination 31st January
For December Term Examination 31st July

## 15.6 Course Fees/ਕੋਰਸ ਫ਼ੀਸ :- Rs. 9800/-

*ਨੋਟ:- ਵਿਸਥਾਰ ਵਿੱਚ ਜਾਣਕਾਰੀ ਲਈ https://icmai.in/icmai/cat/admission.php ਵੈੱਬ ਸਾਈਟ 'ਤੇ ਦੇਖ ਸਕਦੇ ਹਾਂ।*

## 15.7 JOB OPPORTUNITIES AND PAY PACKAGE/ ਨੌਕਰੀ ਦੇ ਮੌਕੇ ਅਤੇ ਤਨਖਾਹ ਪੈਕੇਜ :-

ਵਿਦਿਆਰਥੀ, ਸੀ.ਏ.ਟੀ. ਕੋਰਸ ਨੂੰ ਸਫ਼ਲਤਾਪੂਰਵਕ ਪੂਰਾ ਕਰਨ ਤੋਂ ਬਾਅਦ ਉਦਯੋਗ ਵਿੱਚ ਪ੍ਰਵੇਸ਼ ਲੇਖਾ ਦੇ ਕੰਮਾਂ ਵਿੱਚ ਰੁਜ਼ਗਾਰ ਪ੍ਰਾਪਤ ਕਰਨ ਲਈ ਜ਼ਰੂਰੀ ਹੁਨਰ ਹਾਸਲ ਕਰਨਗੇ। ਰੁਜ਼ਗਾਰ ਲਈ ਕੁਝ ਸੰਭਾਵਿਤ ਸੈਕਟਰ ਹਨ:

i. Small & Medium Enterprises;
ii. Business Processes Outsourcing (BPO)/Knowledge Processes Outsourcing (KPO);
iii. Retail Sector;
iv. Panchayats Accounting and Book-keeping;
v. Tax Return Prepares;
vi. Filing of Returns under Companies Act;
vii. Filing of Returns under Income Tax, GST and Custom Act etc;
viii. Export & Import documentation etc;

- Average Accounting Technician Salary in India ₹381,152 Avg. Salary , BONUS - ₹36,000

https://www.payscale.com/

➢ Jobs ਨਾਲ਼ ਸੰਬੰਧਿਤ ਵਧੇਰੇ ਜਾਣਕਾਰੀ www.ncs.gov.in ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

## 15.8 INSTITUTION/ਸੰਸਥਾ:-

Northern India Regional Council
The Institute of Cost Accountants of India
Directorate of Certificate in Accounting Technicians
CMA Bhawan, 3, Institutional Area, Lodhi Road, New Delhi-110003
E-mail: catdelhi@icmai.in Website: www.icmai.in
Telephone No: +91 11 24666133/134 Ph: 011-24615788, 2462-6678/3792/93
Comprising of the States of
Delhi, Haryana, Himachal Pradesh,Jammu and Kashmir, Punjab, Rajasthan,Uttar Pradesh, Uttarakhand and the Union Territory Chandigarh.

ਨੋਟਃ- +2 commerce ਤੋ ਬਾਅਦ ਵਿਦਿਆਰਥੀਆਂ ਲਈ ਉਪਲਬਧ ਕੋਰਸਾਂ ਦਾ ਸੰਯੋਜਨ ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।ਉਪਰੋਕਤ ਜਾਣਕਾਰੀ Google Search Engine ਰਾਹੀਂ ਵੱਖ ਵੱਖ ਸਾਈਟਾਂ ਤੋ ਏਕਤ੍ਰਿਤ ਕੀਤੀ ਗਈ ਹੈ ਜਿਵੇਂ ਕਿ www.icmai.in, www.icsi.edu, www.icai.org, www.puchd.ac.in, www.gndu.ac.in, www.payscale.com, www.shiksha.com, www.punjabiuniversity.ac.in, www.collegedekho.com, www.ncs.gov.in, https://consortiumofnlus.ac.in/clat-2020/, http://nchm.nic.in/ ਆਦਿ। ਇਸ Compendium ਦਾ ਮਕਸਦ ਵਿਦਿਆਰਥੀਆਂ ਨੂੰ +2 Commerce ਤੋਂ ਬਾਅਦ ਕੋਰਸਾਂ ਦੀ ਮੁੱਢਲੀ ਜਾਣਕਾਰੀ ਦੇਣਾ ਹੈ। ਵੇਰਵਿਆਂ, ਜਿਵੇਂ ਕਿ : ਕੋਰਸ ਫ਼ੀਸ, ਪ੍ਰਵੇਸ਼ ਪਰੀਖਿਆ ਆਦਿ ਲਈ ਵਿਦਿਆਰਥੀਆਂ ਨੂੰ ਸੁਝਾਅ ਹੈ ਕਿ ਉਹ ਵਿਅਕਤੀਗਤ ਸੰਸਥਾਵਾਂ ਜਾਂ ਉਨ੍ਹਾਂ ਦੀਆਂ ਅਧਿਕਾਰਤ ਵੈੱਬਸਾਈਟਾਂ ਤੋਂ ਵਿਸਥਾਰ ਪੂਰਵਕ ਜਾਣਕਾਰੀ ਪ੍ਰਾਪਤ ਕਰਣ।

# COURSES AFTER 10+2 SCIENCE

## (MEDICAL & NON-MEDICAL) ?

ਬੀ.ਟੈੱਕ./ਬੀ.ਈ.

2. ਬੀ ਫਰਮਾ

3.ਐਨ.ਡੀ.ਏ./ ਟੀ.ਈ.ਐੱਸ

4.ਐੱਮ. ਬੀ. ਬੀ.ਐੱਸ

5.ਬੀ.ਡੀ.ਐੱਸ.

6.ਬੀ.ਆਰਕ.

7.ਬੀ.ਏ.ਐੱਮ.ਐੱਸ.

8.ਬੀ.ਐੱਚ.ਐੱਮ.ਐੱਸ.

9.ਬੀ.ਐੱਸ.ਸੀ.

10.ਬੀ.ਵੀ.ਐੱਸ.ਸੀ.

11.ਡੀ.ਐੱਮ.ਐੱਲ.ਟੀ.

# ਤਤਕਰਾ

1. ਬੀ.ਟੈੱਕ./ਬੀ.ਈ.(ਬੈਚਲਰ ਆੱਫ਼ ਟੈਕਨੋਲੋਜੀ /ਬੈਚਲਰ ਆਫ਼ ਇੰਜੀਨੀਅਰਿੰਗ)

2. ਬੀ ਫਰਮਾ( ਬੈਚਲਰ ਆਫ਼ ਫ਼ਾਰਮੇਸੀ)

3.ਐੱਨ.ਡੀ.ਏ./ ਟੀ.ਈ.ਐੱਸ. (ਨੈਸ਼ਨਲ ਡਿਫੈਂਸ ਅਕੈਡਮੀ/ ਟੈਕਨੀਕਲ ਐਂਟਰੀ ਸਕੀਮ)

4.ਐੱਮ. ਬੀ. ਬੀ.ਐੱਸ. (ਬੈਚਲਰ ਆੱਫ਼ ਮੈਡੀਸਨ ਐਂਡ ਬੈਚਲਰ ਆੱਫ਼ ਸਰਜਰੀ)

5.ਬੀ.ਡੀ.ਐੱਸ. (ਬੈਚਲਰ ਆੱਫ ਡੈਂਟਲ ਸਰਜਰੀ)

6.ਬੀ.ਆਰਕ. (ਬੈਚਲਰ ਆੱਫ ਆਰਕੀਟੈਕਚਰ)

7.ਬੀ.ਏ.ਐੱਮ.ਐੱਸ. (ਬੈਚਲਰ ਆੱਫ਼ ਆਯੁਰਵੈਦਿਕ ਮੈਡੀਸਨ ਐਂਡ ਸਰਜਰੀ)

8.ਬੀ.ਐੱਚ.ਐੱਮ.ਐੱਸ.(ਬੈਚਲਰ ਆੱਫ਼ ਹੋਮਿਓਪੈਥਿਕ ਮੈਡੀਸਨ ਐਂਡ ਸਰਜਰੀ)

9.ਬੀ.ਐੱਸ.ਸੀ.(ਬੈਚਲਰ ਆੱਫ਼ ਸਾਇੰਸ)

10.ਬੀ.ਵੀ.ਐੱਸ.ਸੀ.(ਬੈਚਲਰ ਆੱਫ਼ ਵੈਟਨਰੀ ਸਾਇੰਸ)

11.ਡੀ.ਐੱਮ.ਐੱਲ.ਟੀ.(ਡਿਪਲੋਮਾ ਇਨ ਮੈਡੀਕਲ ਲੈਬੋਰਟਰੀ ਟੈਕਨੋਲੋਜੀ)

# ਬੀ .ਟੈੱਕ / .ਬੀ .ਈ.

**ਕੋਰਸ:**

ਭਾਰਤ ਵਿੱਚ ਸਾਰੇ ਤਕਨੀਕੀ ਪ੍ਰੋਗਰਾਮ ਜਿਵੇਂ ਕਿ ਬੀ.ਟੈੱਕ, ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ ਅਤੇ ਨੈਸ਼ਨਲ ਬੋਰਡ ਅੱਫ਼ ਐਕੇਟੀਏਸ਼ਨ) ਐਨ.ਬੀ.ਏ (.ਦੇ ਅਧਿਨਿਯਮਕ ਅਧਿਕਾਰ ਖੇਤਰ ਵਿੱਚ ਆਉਂਦੇ ਹਨ।

**ਦਾਖ਼ਲਾ ਪ੍ਰਕਿਰਿਆ:**

ਬੀ.ਟੈੱਕ ਪ੍ਰੋਗਰਾਮਾਂ ਵਿੱਚ ਦਾਖ਼ਲੇ ਰਾਸ਼ਟਰੀ ਪੱਧਰ/ਰਾਜ ਪੱਧਰ/ਸੰਸਥਾ-ਪੱਧਰੀ ਇੰਜੀਨੀਅਰਿੰਗ ਪ੍ਰਵੇਸ਼ ਪਰੀਖਿਆਵਾਂ ਰਾਹੀਂ ਕੀਤੇ ਜਾਂਦੇ ਹਨ। ਜੋ ਹਰ ਸਾਲ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੁਆਰਾ ਲਈਆਂ ਜਾਂਦੀਆਂ ਚੋਟੀ ਦੀਆਂ ਪੰਜ ਇੰਜੀਨੀਅਰਿੰਗ ਦਾਖ਼ਲਾ ਪਰੀਖਿਆਵਾਂ ਇਹ ਹਨ:

- JEE MAIN
- JEE ADVANCE
- VITEEE
- TS EAMCET

JEE MAIN ਲਈ ਦਾਖ਼ਲਾ ਪ੍ਰਕਿਰਿਆ ਨਵੰਬਰ, JEE ADVANCE ਲਈ ਸਤੰਬਰ, VITEEE ਲਈ ਸਤੰਬਰ ਦਾ ਆਖ਼ਰੀ ਅਤੇ ਅਕਤੂਬਰ ਦਾ ਪਹਿਲਾ ਹਫ਼ਤਾ, MHT CET ਲਈ ਅਕਤੂਬਰ ਤੱਕ ਅਤੇ TS EAMCET ਲਈ ਜੂਨ ਮਹੀਨੇ ਤੱਕ ਅਪਲਾਈ ਕੀਤਾ ਜਾ ਸਕਦਾ ਹੈ।

**BE/BTech ਲਈ ਯੋਗਤਾ ਮਾਪਦੰਡ:**

ਕਿਸੇ ਵੀ B.Tech ਪ੍ਰੋਗਰਾਮ ਵਿੱਚ ਦਾਖ਼ਲਿਆਂ ਵਾਸਤੇ ਮੁੱਢਲੀ ਯੋਗਤਾ ਦੀ ਲੋੜ ਇਹ ਹੈ:

ਉਮੀਦਵਾਰਾਂ ਨੇ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਗਣਿਤ ਦੇ ਨਾਲ਼ ਮਾਨਤਾ ਪ੍ਰਾਪਤ ਬੋਰਡ ਤੋਂ 10+2 ਦੀ ਪਰੀਖਿਆ ਮੁੱਖ ਵਿਸ਼ਿਆਂ ਵਜੋਂ ਪਾਸ ਕੀਤੀ ਹੋਵੇ।

ਉਹਨਾਂ ਨੇ ਵੀ ਉਪਰੋਕਤ ਵਿਸ਼ਿਆਂ ਵਿੱਚ ਘੱਟੋ ਘੱਟ 60% ਅੰਕ ਪ੍ਰਾਪਤ ਕੀਤੇ ਹੋਣ।

ਕਿਰਪਾ ਕਰਕੇ ਨੋਟ ਕਰੋ ਕਿ B.Tech ਯੋਗਤਾ ਦੀਆਂ ਕਸੌਟੀਆਂ ਸੰਸਥਾ ਤੋਂ ਲੈਕੇ ਸੰਸਥਾ ਤੱਕ ਭਿੰਨ ਹੋ ਸਕਦੀਆਂ ਹਨ।

## ਕੋਰਸ ਦਾ ਖੇਤਰ:

ਇਸ ਖੇਤਰ ਵਿੱਚ ਕੈਰੀਅਰ ਦਾ ਦਾਇਰਾ ਬਹੁਤ ਵਧੀਆ ਹੈ। ਤੁਹਾਡੇ ਹੁਨਰਾਂ ਅਤੇ ਗਿਆਨ ਦੇ ਆਧਾਰ 'ਤੇ ਤੁਹਾਨੂੰ ਨੌਕਰੀ ਮਿਲ ਜਾਵੇਗੀ।

ਭਾਰਤ ਵਿੱਚ ਬਹੁਤ ਸਾਰੀਆਂ ਨਿੱਜੀ ਕੰਪਨੀਆਂ ਹਨ ਜੋ ਹਰ ਸਾਲ ਵੱਡੀ ਗਿਣਤੀ ਵਿੱਚ ਇੰਜੀਨੀਅਰਾਂ ਦੀ ਭਰਤੀ ਕਰਦੀਆਂ ਹਨ। ਨੌਕਰੀਆਂ ਦੀ ਉਪਲਬਧਤਾ ਨਾ ਕੇਵਲ ਨਿੱਜੀ ਖੇਤਰਾਂ ਵਿੱਚ ਹੈ, ਸਗੋਂ ਜਨਤਕ ਖੇਤਰ ਦੀਆਂ ਸੰਸਥਾਵਾਂ ਵੀ ਇੰਜੀਨੀਅਰਾਂ ਨੂੰ ਭਰਤੀ ਕਰਦੀਆਂ ਹਨ। ਇੰਜੀਨੀਅਰਿੰਗ ਗ੍ਰੈਜੂਏਟ ਦੀ ਸ਼ੁਰੂਆਤੀ ਤਨਖਾਹ 20,000 ਤੋਂ 30,000 ਰੁਪਏ ਪ੍ਰਤੀ ਮਹੀਨਾ । ਅਨੁਭਵ ਪ੍ਰਾਪਤ ਹੋਣ 'ਤੇ ਤੁਹਾਨੂੰ ਇਸ ਖੇਤਰ ਵਿੱਚ ਵਧੀਆਂ ਤਨਖਾਹ ਮਿਲ ਸਕਦੀ ਹੈ। ਕਿਸੇ ਤਜਰਬੇਕਾਰ ਗ੍ਰੈਜੂਏਟਾਂ ਦਾ ਮਿਹਨਤਾਨਾ 5 ਲੱਖ ਤੋਂ 10+ ਲੱਖ ਸਾਲਾਨਾ । ਵਿਦੇਸ਼ਾਂ ਵਿੱਚ ਵੀ ਇੰਜੀਨੀਅਰਾਂ ਦੀ ਮੰਗ ਕੀਤੀ ਜਾਂਦੀ ਹੈ, ਜਿਨ੍ਹਾਂ ਵਿੱਚ ਆਕਰਸ਼ਕ ਤਨਖਾਹ ਪੈਕੇਜ ਹੁੰਦੇ ਹਨ।

**Top Recruiters:**

- Accenture
- TCS
- Infosys
- Cognizant
- BHEL
- SAIL
- Tata Motors
- DRDO
- Bajaj
- ONGC
- GAIL
- HPCL
- CPCL

# ਬੀ .ਫਾਰਮਾ .ਬੈਚਲਰ ਔਫ਼ ਫਾਰਮੇਸੀ

## ਕੋਰਸ:

ਬੈਚਲਰ ਔਫ਼ ਫਾਰਮੇਸੀ (B.Pharma) ਇੱਕ ਚਾਰ-ਸਾਲਾ ਅੰਡਰਗ੍ਰੈਜੂਏਟ ਪ੍ਰੋਗਰਾਮ ਹੈ, ਜਿਸ ਵਿੱਚ ਵਿਦਿਆਰਥੀ ਦਵਾਈਆਂ ਤਿਆਰ ਕਰਨ ਦੇ ਤਰੀਕੇ, ਪ੍ਰਕਿਰਿਆ ਅਤੇ ਦਵਾਈਆਂ ਦੀ ਵੰਡ ਸਬੰਧੀ ਅਧਿਐਨ ਕਰਦੇ ਹਨ। ਕੋਈ ਵੀ ਜੋ ਅੱਜ ਫਾਰਮਾਸਿਸਟ ਬਣਨਾ ਚਾਹੁੰਦਾ ਹੈ, ਇਹ ਲਾਜ਼ਮੀ ਹੈ ਕਿ ਉਹ ਇਹ ਕੋਰਸ ਕਰੇ ਤਾਂ ਜੋ ਉਹਨਾਂ ਨੂੰ ਦਵਾਈ ਦੇ ਵਿਗਿਆਨ ਬਾਰੇ ਪੂਰੀ ਅਤੇ ਡੂੰਘੀ ਜਾਣਕਾਰੀ ਹੋਵੇ।

## B.ਫਾਰਮਾ ਯੋਗਤਾ ਮਾਪਦੰਡ:

- ਘੱਟੋ-ਘੱਟ ਯੋਗਤਾ ਲੋੜੀਂਦੀ: **10+2** ਜਾਂ ਇਸਦੇ ਬਰਾਬਰ ਦੀ ਪਰੀਖਿਆ।
- ਘੱਟੋ-ਘੱਟ ਅੰਕ (ਕੁੱਲ): ਵਿਗਿਆਨ ਵਿਸ਼ਿਆਂ ਵਿੱਚ **10+2** ਵਿੱਚ ਘੱਟੋ ਘੱਟ **50%**
- ਉਮਰ ਸੀਮਾ- ਬੀ.ਫਾਰਮ ਲਈ ਉਮਰ ਸੀਮਾ ਜਨਰਲ ਸ਼੍ਰੇਣੀ ਲਈ **20** ਸਾਲ ਅਤੇ ਰਾਖਵੀਂ ਸ਼੍ਰੇਣੀ ਲਈ **22** ਸਾਲ ਹੈ।
- **Important Dates for B.Pharm Entrance Exams 2020**

| **Exam Name** | **Important Date** |
|---|---|
| BITSAT | 2nd week of August |
| MHT-CET | 1st week of October |
| UPSEE | 3rd week of September |
| TS EAMCET | 2nd week of September |

## ਕੈਰੀਅਰ ਵਿਕਲਪ ਅਤੇ ਨੌਕਰੀ ਦੀਆਂ ਸੰਭਾਵਨਾਵਾਂ:

ਬੀ.ਫਾਰਮ ਦੀ ਡਿਗਰੀ ਤੋਂ ਬਾਅਦ, ਵਿਦਿਆਰਥੀਆਂ ਨੂੰ ਫਾਰਮੇਸੀ ਖੇਤਰ ਵਿੱਚ ਕਈ ਰੁਜ਼ਗਾਰ ਦੇ ਮੌਕਿਆਂ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਉਹ ਸਟੇਟ ਫਾਰਮੇਸੀ ਕੌਂਸਲ ਦੇ ਤਹਿਤ ਖ਼ੁਦ ਨੂੰ ਰਜਿਸਟਰ ਕਰਕੇ ਆਪਣੀ ਫਾਰਮੇਸੀ ਖੋਲ੍ਹ ਸਕਦੇ ਹਨ।

ਵਿਦਿਆਰਥੀ ਹੋਰਨਾਂ ਤੋਂ ਇਲਾਵਾ ਜਨਤਕ ਅਤੇ ਨਿੱਜੀ ਦੋਨਾਂ ਖੇਤਰਾਂ ਵਿੱਚ ਬਰਾਬਰ ਦੀਆਂ ਨੌਕਰੀਆਂ ਲੱਭ ਸਕਦੇ ਹਨ ਜਿਵੇਂ ਕਿ ਤਕਨੀਕੀ ਫਾਰਮੇਸੀ, ਕਲੀਨਿਕਲ ਫਾਰਮੇਸੀ, ਮੈਡੀਕਲ ਡਿਸਪੈਂਸਿੰਗ ਸਟੋਰ, ਸਿਹਤ ਕੇਂਦਰ, ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ। ਫਰੈਸ਼ਰ ਦੀ ਔਸਤ ਤਨਖਾਹ 2 ਲੱਖ ਰੁਪਏ ਤੋਂ 3 ਲੱਖ ਰੁਪਏ ਹੋ ਸਕਦੀ ਹੈ ਜੋ ਕਿ ਅਨੁਭਵ ਦੇ ਨਾਲ਼-ਨਾਲ਼ ਵੱਧਦੀ ਰਹਿੰਦੀ ਹੈ ।

B.Pharm ਗ੍ਰੈਜੂਏਟ ਵਾਸਤੇ ਪ੍ਰਸਿੱਧ ਨੌਕਰੀ ਦੀਆਂ ਕਿਸਮਾਂ ਇਹ ਹਨ:

- Analytic Chemist
- Drug Inspector
- Medical Transcriptionist
- Teacher
- Professor
- Research Officer/ Manager
- Drug Technician
- Drug Therapist

# NDA

**ਕੋਰਸ:**

10+2 ਕਰਨ ਤੋਂ ਬਾਅਦ ਇਸ ਟੈੱਸਟ ਰਾਹੀਂ ਉਮੀਦਵਾਰ ਭਾਰਤੀ ਸੈਨਾ ਦੀਆਂ ਤਿੰਨੋਂ ਸ਼ਾਖ਼ਾਵਾਂ ਥਲ ਸੈਨਾ (Army) , ਜਲ ਸੈਨਾ (Navy) ਅਤੇ ਹਵਾਈ ਸੈਨਾ (Air force) ਵਿੱਚ ਬਤੌਰ ਕਮਿਸ਼ਨ ਅਫ਼ਸਰ ਸਿੱਧਾ ਭਰਤੀ ਹੋ ਸਕਦਾ ਹੈ।

**ਦਾਖ਼ਲਾ ਪ੍ਰਕਿਰਿਆ:**

- 10+2 ਤੋਂ ਬਾਅਦ UPSC ਰਾਹੀਂ ਇੱਕ ਪ੍ਰਵੇਸ਼ ਪਰੀਖਿਆ ਲਈ ਜਾਂਦੀ ਹੈ, ਜੋ ਸਾਲ ਵਿੱਚ ਦੋ ਵਾਰ ਹੁੰਦੀ ਹੈ।ਪਹਿਲੀ ਪਰੀਖਿਆ ਹਰੇਕ ਸਾਲ ਮਾਰਚ-ਅਪ੍ਰੈਲ ਮਹੀਨੇ ਵਿੱਚ ਅਤੇ ਦੂਜੀ ਪਰੀਖਿਆ ਹਰੇਕ ਸਾਲ ਅਗਸਤ-ਸਤੰਬਰ ਮਹੀਨੇ ਵਿੱਚ ਹੁੰਦੀ ਹੈ। ਇਸਦਾ ਮਾਧਿਅਮ ਹਿੰਦੀ ਅਤੇ ਅੰਗਰੇਜ਼ੀ ਹੁੰਦਾ ਹੈ।ਪ੍ਰਵੇਸ਼ ਪਰੀਖਿਆ ਤੋਂ ਬਾਅਦ ਚੁਣੇ ਗਏ ਉਮੀਦਵਾਰਾਂ ਦੀ ਇੰਟਰਵਿਊ **SSB (Service Selection Board**) ਦੁਆਰਾ ਲਈ ਜਾਂਦੀ ਹੈ। ਇਸ ਵਿੱਚ ਉਮੀਦਵਾਰ ਦੇ ਮੁੱਖ ਤਿੰਨ ਪਹਿਲੂਆਂ {ਸ਼ਖ਼ਸੀਅਤਾਂ (**Personality**), ਸਰੀਰਕ (**Physical**) ਅਤੇ ਬੌਧਿਕ (**Intelligence**)} ਨੂੰ ਪਰਖਿਆ ਜਾਂਦਾ ਹੈ।
- ਇੰਟਰਵਿਊ ਤੋਂ ਬਾਅਦ ਸਫ਼ਲ ਉਮੀਦਵਾਰਾਂ ਨੂੰ 4 ਸਾਲ ਦੀ ਟ੍ਰੇਨਿੰਗ ਲਈ ਭੇਜਿਆ ਜਾਂਦਾ ਹੈ।
- ਇਹ ਟ੍ਰੇਨਿੰਗ ਵੀ ਦੋ ਭਾਗਾਂ ਵਿੱਚ ਹੁੰਦੀ ਹੈ। ਪਹਿਲੇ ਭਾਗ ਵਿੱਚ 3 ਸਾਲ ਦੀ ਟ੍ਰੇਨਿੰਗ ਦੌਰਾਨ ਉਮੀਦਵਾਰਾਂ ਨੂੰ ਗ੍ਰੈਜੂਏਸ਼ਨ (**B.A., B. Sc. or B. Com.)** ਕਰਵਾਈ ਜਾਂਦੀ ਹੈ।ਇਹ ਟ੍ਰੇਨਿੰਗ ਪੂਨੇ ਨਜ਼ਦੀਕ ਖੜਕਵਾਸਲਾ ਵਿਖੇ ਹੁੰਦੀ ਹੈ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਡਿਗਰੀ ਪ੍ਰਦਾਨ ਕਰਦੀ ਹੈ। ਅਖ਼ੀਰਲੇ (ਚੌਥੇ) ਸਾਲ ਵਿੱਚ ਭਾਰਤੀ ਮਿਲਟਰੀ ਅਕੈਡਮੀ, ਦੇਹਰਾਦੂਨ ਵਿਖੇ ਇੱਕ ਸਾਲ ਦੀ ਕਮਿਸ਼ਨ ਲੱਗਣ ਤੋਂ ਪਹਿਲਾਂ ਦੀ ਟ੍ਰੇਨਿੰਗ ਲਈ ਭੇਜਿਆ ਜਾਂਦਾ ਹੈ।

**ਯੋਗਤਾ:**

- ਉਮੀਦਵਾਰ ਨੇ **10+2** ਪਾਸ ਕੀਤੀ ਹੋਵੇ ਜਾਂ **10+2** ਦੇ ਪੇਪਰ ਦਿੱਤੇ ਹੋਣ। ਜਲ ਸੈਨਾ ਅਤੇ ਹਵਾਈ ਸੈਨਾ ਲਈ **10+2** ਵਿੱਚੋਂ ਉਮੀਦਵਾਰ ਨੇ ਭੌਤਿਕ ਵਿਗਿਆਨ**,** ਰਸਾਇਣ ਵਿਗਿਆਨ ਅਤੇ ਗਣਿਤ ਵਿਸ਼ਿਆਂ ਨਾਲ਼ ਕੁੱਲ **70%** ਅੰਕ ਹਾਸਿਲ ਕੀਤੇ ਹੋਣੇ ਚਾਹੀਦੇ ਹਨ।
- ਉਮੀਦਵਾਰ ਦੀ ਉਮਰ **16 ½** ਤੋਂ **19 ½** ਸਾਲ ਦੇ ਵਿੱਚ ਹੋਵੇ।
- ਉਮੀਦਵਾਰ ਅਣਵਿਆਹਿਆ ਪੁਰਸ਼ ਹੋਣਾ ਚਾਹੀਦਾ ਹੈ।

**ਕੋਰਸ ਦਾ ਖੇਤਰ:**

ਇਸ ਟ੍ਰੇਨਿੰਗ ਤੋਂ ਬਾਅਦ ਪਾਸ ਉਮੀਦਵਾਰ ਭਾਰਤੀ ਸੈਨਾ (ਥਲ ਸੈਨਾ / ਨੇਵੀ / ਹਵਾਈ ਸੈਨਾ) ਵਿੱਚ ਬਤੌਰ ਕਮਿਸ਼ਨ ਆੱਫ਼ੀਸਰ (ਲੈਫ਼ਟੀਨੈਂਟ) ਸੇਵਾ ਨਿਭਾਵੇਗਾ।

**ਅਦਾਰੇ:**

**National Defence Academy, Dehradun.**
**Jawahar Lal Nehru University, Khadakwasla, Pune.**
**Indian Military Academy, Dehradun.**

**TES (Technical Entry Scheme)**

**ਕੋਰਸ:**

10+2 ਕਰਨ ਤੋਂ ਬਾਅਦ ਇਸ ਟੈੱਸਟ ਰਾਹੀਂ ਉਮੀਦਵਾਰ ਭਾਰਤੀ ਸੈਨਾ ਵਿੱਚ ਬਤੌਰ ਕਮਿਸ਼ਨ ਆੱਫ਼ੀਸਰ (ਟੈਕਨੀਕਲ) ਸਿੱਧਾ ਭਰਤੀ ਹੋ ਸਕਦਾ ਹੈ।ਇਸ 5 ਸਾਲਾ ਕੋਰਸ ਵਿੱਚ ਉਮੀਦਵਾਰ 4 ਸਾਲ ਦੀ ਇੰਜਨੀਅਰਿੰਗ ਦੀ ਡਿਗਰੀ ਉਪਰੰਤ ਲੈਫ਼ਟੀਨੈਂਟ ਵੱਜੋਂ ਕਮਿਸ਼ਨ ਕੀਤਾ ਜਾਂਦਾ ਹੈ ਅਤੇ ਇਸ ਤੋਂ ਬਾਅਦ 1 ਸਾਲ ਦੀ ਪੋਸਟ ਕਮਿਸ਼ਨ ਆੱਫ਼ੀਸਰ ਲੈਵਲ ਦੀ ਟ੍ਰੇਨਿੰਗ ਹੁੰਦੀ ਹੈ।ਟ੍ਰੇਨਿੰਗ ਦੌਰਾਨ ਉਮੀਦਵਾਰ ਨੂੰ 8785/- ਰੁ: ਵਜੀਫਾ ਪ੍ਰਤੀ ਹਫ਼ਤਾ ਮਿਲੇਗਾ।

**ਦਾਖ਼ਲਾ ਪ੍ਰਕਿਰਿਆ:**

ਇਸ ਕੋਰਸ ਦੀ ਦਾਖ਼ਲਾ ਪ੍ਰਕਿਰਿਆ, ਡਾਇਰੈਕਟੋਰੇਟ ਭਰਤੀ ਬੋਰਡ ਰਾਹੀਂ, 10+2 ਦੇ ਅੰਕਾਂ ਦੀ ਕੱਟ ਆੱਫ਼ ਲਿਸਟ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਕੱਟ ਆੱਫ਼ ਲਿਸਟ ਦੇ ਆਧਾਰ 'ਤੇ ਚੋਣ ਤੋਂ ਬਾਅਦ ਉਮੀਦਵਾਰਾਂ ਦੀ 5 ਦਿਨ ਦੀ ਇੰਟਰਵਿਊ ਲਈ ਜਾਂਦੀ ਹੈ। ਜਿਸ ਵਿੱਚ ਉਮੀਦਵਾਰ ਦੇ ਮਨੋਵਿਗਿਆਨਕ ਟੈੱਸਟ ਅਤੇ ਗਰੁੱਪ ਟੈੱਸਟ, ਲੈਣ ਉਪਰੰਤ ਇੰਟਰਵਿਊ ਲਈ ਜਾਂਦੀ ਹੈ। ਇਸ ਦੀ ਕੋਈ ਵੀ ਦਾਖ਼ਲਾ ਫ਼ੀਸ ਨਹੀਂ ਹੈ।

| **Indian Army TES** | **Important Dates** |
|---|---|
| Commencement of **application** form submission | $2^{nd}$ week of August |

**ਯੋਗਤਾ:**

- ਉਮੀਦਵਾਰ ਨੇ 10+2 ਵਿੱਚੋਂ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਗਣਿਤ ਵਿਸ਼ਿਆਂ ਨਾਲ਼ ਘੱਟੋ - ਘੱਟ ਕੁੱਲ 70% ਅੰਕ ਹਾਸਿਲ ਕੀਤੇ ਹੋਣੇ ਚਾਹੀਦੇ ਹਨ।
- ਉਮੀਦਵਾਰ ਦੀ ਉਮਰ 16 ½ ਤੋਂ 19 ½ ਸਾਲ ਦੇ ਵਿੱਚ ਹੋਵੇ।
- ਉਮੀਦਵਾਰ ਅਣਵਿਆਹਿਆ ਪੁਰਸ਼ ਹੋਣਾ ਚਾਹੀਦਾ ਹੈ।

**ਕੋਰਸ ਦਾ ਖੇਤਰ:**

ਇਸ ਟ੍ਰੇਨਿੰਗ ਤੋਂ ਬਾਅਦ ਪਾਸ ਉਮੀਦਵਾਰ ਭਾਰਤੀ ਸੈਨਾ ਵਿੱਚ ਬਤੌਰ ਕਮਿਸ਼ਨ ਆੱਫ਼ੀਸਰ (ਲੈਫ਼ਟੀਨੈਂਟ ਟੈਕਨੀਕਲ) ਸੇਵਾ ਨਿਭਾਵੇਗਾ। ਬਤੌਰ ਲੈਫ਼ਟੀਨੈਂਟ ਮੁੱਢਲੀ ਤਨਖ਼ਾਹ (56,100 – 1,77,500 ਅਤੇ ਭੱਤੇ ਵੱਖਰੇ) ਪ੍ਰਤੀ ਮਹੀਨਾ ਹੋਵੇਗੀ।

**ਅਦਾਰੇ:**

- Military Engineering College, Bhopal.
- Military Engineering College, Allahabad.
- Military Engineering College, Punjab.
- Military Engineering College, Bengaluru.

## MBBS (Bachelor of Medicine and Bachelor of Surgery)

**ਕੋਰਸ:** ਇਸ ਕੋਰਸ ਤੋਂ ਬਾਅਦ ਉਮੀਦਵਾਰ ਦਵਾਈਆਂ ਅਤੇ ਸਰਜਰੀ ਦੇ ਵਿੱਚ ਗ੍ਰੈਜੂਏਟ ਹੋ ਜਾਂਦਾ ਹੈ। ਇਹ ਸਾਢੇ ਪੰਜ ਸਾਲ ਦਾ ਕੋਰਸ ਹੈ ਜਿਸ ਵਿੱਚ ਸਾਢੇ ਚਾਰ ਸਾਲ ਦੀ ਪੜ੍ਹਾਈ ਅਤੇ ਇੱਕ ਸਾਲ ਦੀ ਇੰਟਰਨਸ਼ਿਪ ਸ਼ਾਮਲ ਹੈ।

**ਦਾਖ਼ਲਾ ਪ੍ਰਕਿਰਿਆ:**

ਇਸ ਕੋਰਸ ਲਈ ਰਾਸ਼ਟਰੀ ਪੱਧਰ ’ਤੇ NEET (National Eligibility Cum Entrance Test) ਦੀ ਦਾਖ਼ਲਾ ਪਰੀਖਿਆ ਲਈ ਜਾਂਦੀ ਹੈ, ਜਿਸ ਦੇ ਆਧਾਰ 'ਤੇ ਵਿਦਿਆਰਥੀਆਂ ਦੀ MBBS ਲਈ ਚੋਣ ਕੀਤੀ ਜਾਂਦੀ ਹੈ। ਇਸ ਟੈਸਟ ਦੀ ਫ਼ੀਸ ਹੇਠ ਲਿਖੇ ਅਨੁਸਾਰ ਹੈ

| | |
|---|---|
| **General Category** | **= 1500 ਰੁ:** |
| **OBC** | **= 1400 ਰੁ:** |
| **SC/ST/PwD/TransGender** | **= 800 ਰੁ:** |

ਇਸ ਤੋਂ ਇਲਾਵਾ ਕੋਰਸ ਦੀ ਫ਼ੀਸ 10,000 ਰੁ: ਤੋਂ ਲੈ ਕੇ 6,00,000 ਰੁ: ਤੱਕ ਸਾਲਾਨਾ ਹੈ।

**NEET Application Dates**

| **Events** | **Particulars** |
|---|---|
| Start **date** for **NEET Registration** | **First week of December.** |

**ਯੋਗਤਾ:** ਇਸ ਟੈਸਟ ਵਿੱਚ ਭਾਗ ਲੈਣ ਲਈ ਉਮੀਦਵਾਰ ਨੇ **10+2** ਵਿੱਚੋਂ ਲਾਜ਼ਮੀ ਅੰਗਰੇਜ਼ੀ ਦੇ ਨਾਲ਼ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਵਿੱਚੋਂ ਜਨਰਲ ਕੈਟਾਗਰੀ **50%** ਅਤੇ ਰਿਜ਼ਰਵ ਕੈਟਾਗਿਰੀ **40%** ਕੁੱਲ ਅੰਕ ਪ੍ਰਾਪਤ ਕੀਤੇ ਹੋਣੇ ਚਾਹੀਦੇ ਹਨ। ਉਮੀਦਵਾਰ ਦੀ ਉਮਰ **17** ਤੋਂ **25** ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ।

**ਕੋਰਸ ਦਾ ਖੇਤਰ:**

ਕੋਰਸ ਪੂਰਾ ਹੋਣ ਉਪਰੰਤ ਉਮੀਦਵਾਰ ਦੀ ਰਜਿਸਟ੍ਰੇਸ਼ਨ, ਸਟੇਟ ਮੈਡੀਕਲ ਕਾਊਂਸਲ, ਕੋਲ਼ ਹੁੰਦੀ ਹੈ ਜੋ ਉਸਨੂੰ ਇੱਕ ਸਥਾਈ ਰਜਿਸਟ੍ਰੇਸ਼ਨ ਨੰਬਰ ਜਾਰੀ ਕਰਦੀ ਹੈ ਅਤੇ ਇਸ ਤੋਂ ਬਾਅਦ ਉਮੀਦਵਾਰ ਆਪਣੀ ਪ੍ਰੈਕਟਿਸ ਆਰੰਭ ਕਰ ਸਕਦਾ ਹੈ। ਇਸ ਕੋਰਸ ਦੇ ਸੰਬੰਧਿਤ ਖੇਤਰ ਹੇਠ ਲਿਖੇ ਹਨ:

- ਲੈਕਚਰਾਰ (ਉਚੇਰੀ ਸਿੱਖਿਆ ਤੋਂ ਬਾਅਦ)
- ਵਿਗਿਆਨ
- ਡਾਕਟਰ (ਸਰਕਾਰੀ/ਪ੍ਰਾਈਵੇਟ)
- ਆਪਣੀ ਪ੍ਰਾਈਵੇਟ ਪ੍ਰੈਕਟਿਸ

ਇਸ ਖੇਤਰ ਵਿੱਚ ਤਨਖ਼ਾਹ **3,00,000** ਤੋਂ ਲੈ ਕੇ **15,00,000** ਰੁ: ਤੱਕ ਸਾਲਾਨਾ ਹੋ ਸਕਦੀ ਹੈ।

**ਅਦਾਰੇ:**

- **Guru Gobind Singh Medical College, Faridkot.**
- **Govt. Medical College, Amritsar.**
- **Govt. Medical College, Faridkot.**
- **Govt. Medical College, Patiala.**
- **AIIMS, Bathinda.**
- **Dayanand Medical College, Ludhiana.**
- **Christian Medical College, Ludhiana.**
- **Adesh Institute of Medical Sciences and Researches, Bathinda.**
- **Shri Guru Ramdas Institute of Medical Sciences and Researches, Amritsar.**
- **Punjab Institute of Medical Sciences, Jalandhar.**
- **Pt. BD Sharma Post Graduate Institute of Medical Sciences and Researches, Rohtak, Haryana.**
- **Kalpana Chawla Govt. Medical College, Karnal, Haryana.**
- **Shaheed Hassan Khan Govt. Medical College, Nalhar, Haryana.**
- **BPS Govt. Medical College for Women, Sonipat, Haryana.**
- **Maharaja Aggarsen Medical College, Agorah, Haryana.**
- **AIIMS New Delhi.**
- **Vardhman Mahavir Medical College, Safderjang, Delhi.**
- **Lady Hardinge Medical College, New Delhi.**
- **Govt. Medical College, Kota, Rajasthan.**
- **Sardar Patel Medical College, Bikaner, Rajasthan.**
- **Jwahar Lal Nehru Medical College, Ajmer, Rajasthan.**
- **SMS Medical College, Jaipur, Rajasthan.**
- **AIIMS Jodhpur, Rajasthan.**
- **And Many More.**

## BDS (Bachelor of Dental Surgery)

### ਕੋਰਸ:

ਇਹ ਇਕੱਲਾ ਸਭ ਤੋਂ ਮਹੱਤਵਪੂਰਨ ਕੋਰਸ ਹੈ ਜੋ ਡੈਂਟਲ ਸਰਜਰੀ ਦਾ ਐਜੂਕੇਸ਼ਨਲ ਅਤੇ ਪ੍ਰੋਫ਼ੈਸ਼ਨਲ ਪ੍ਰੋਗਰਾਮ ਹੈ। MBBS ਤੋਂ ਬਾਅਦ ਚੋਣ ਦੇ ਪੱਧਰ ’ਤੇ ਇਸਦਾ ਦੂਸਰਾ ਸਥਾਨ ਹੈ। ਇਸ ਵਿੱਚ ਦੰਦਾਂ ਨਾਲ਼ ਸੰਬੰਧਿਤ ਸਮੱਸਿਆਵਾਂ, ਸਰਜਰੀ ਅਤੇ ਦੰਦ ਬੀੜ ਬਾਰੇ ਪੜ੍ਹਾਇਆ ਜਾਂਦਾ ਹੈ। ਇਹ ਕੋਰਸ 5 ਸਾਲ ਦਾ ਹੈ ਜਿਸ ਵਿੱਚ 4 ਸਾਲ ਦੀ ਪੜ੍ਹਾਈ ਅਤੇ 1 ਸਾਲ ਦੀ ਇੰਟਰਨਸ਼ਿਪ ਹੈ। ਇਸਨੂੰ Dental Council of India ਮਾਨਤਾ ਦਿੰਦੀ ਹੈ, ਜਿਸ ਕੋਲ਼ ਕੋਰਸ ਕਰਨ ਉਪਰੰਤ ਰਜਿਸਟ੍ਰੇਸ਼ਨ ਕਰਵਾ ਕੇ ਆਪਣੀ ਪ੍ਰੈਕਟਿਸ ਅਰੰਭ ਕੀਤੀ ਜਾ ਸਕਦੀ ਹੈ।

### ਦਾਖ਼ਲਾ ਪ੍ਰਕਿਰਿਆ:

ਇਸ ਕੋਰਸ ਲਈ ਰਾਸ਼ਟਰੀ ਪੱਧਰ ’ਤੇ NEET (National Eligibility Cum Entrance Test) ਦੀ ਦਾਖ਼ਲਾ ਪਰੀਖਿਆ ਲਈ ਜਾਂਦੀ ਹੈ, ਜਿਸ ਦੇ ਆਧਾਰ 'ਤੇ ਵਿਦਿਆਰਥੀਆਂ ਦੀ **BDS** ਲਈ ਚੋਣ ਕੀਤੀ ਜਾਂਦੀ ਹੈ। ਇਸ ਟੈਸਟ ਦੀ ਫ਼ੀਸ ਹੇਠ ਲਿਖੇ ਅਨੁਸਾਰ ਹੈ

| | |
|---|---|
| **General Category** | **= 1500 ਰੁ:** |
| **OBC** | **= 1400 ਰੁ:** |
| **SC/ST/PwD/TransGender** | **= 800 ਰੁ:** |

ਇਸ ਤੋਂ ਇਲਾਵਾ ਕੋਰਸ ਦੀ ਫ਼ੀਸ 100,000 ਰੁ: ਤੋਂ ਲੈ ਕੇ 8,00,000 ਰੁ: ਤੱਕ ਸਾਲਾਨਾ ਹੈ।

**NEET Application Dates.**

| **Events** | **Particulars** |
|---|---|
| Start **date** for **NEET Registration** | 1st week of December |

### ਯੋਗਤਾ:

ਇਸ ਟੈਸਟ ਵਿੱਚ ਭਾਗ ਲੈਣ ਲਈ ਉਮੀਦਵਾਰ ਨੇ 10+2 ਵਿੱਚੋਂ ਲਾਜ਼ਮੀ ਅੰਗਰੇਜ਼ੀ ਦੇ ਨਾਲ਼ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਵਿੱਚੋਂ ਜਨਰਲ ਕੈਟਾਗਿਰੀ 50% ਅਤੇ ਰਿਜ਼ਰਵ ਕੈਟਾਗਿਰੀ 40% ਕੁੱਲ ਅੰਕ ਪ੍ਰਾਪਤ ਕੀਤੇ ਹੋਣੇ ਚਾਹੀਦੇ ਹਨ। ਉਮੀਦਵਾਰ ਦੀ ਉਮਰ ਘੱਟੋ ਘੱਟ 17 ਸਾਲ ਹੋਣੀ ਚਾਹੀਦੀ ਹੈ।

**ਕੋਰਸ ਦਾ ਖੇਤਰ:**

ਕੋਰਸ ਪੂਰਾ ਹੋਣ ਉਪਰੰਤ ਉਮੀਦਵਾਰ ਦੀ ਰਜਿਸਟ੍ਰੇਸ਼ਨ, ਡੈਂਟਲ ਕਾਉਂਸਲ ਆੱਫ਼ ਇੰਡੀਆ, ਕੋਲ਼ ਹੁੰਦੀ ਹੈ, ਜੋ ਉਸਨੂੰ ਇੱਕ ਸਥਾਈ ਰਜਿਸਟ੍ਰੇਸ਼ਨ ਨੰਬਰ ਜਾਰੀ ਕਰਦੀ ਹੈ ਅਤੇ ਇਸ ਤੋਂ ਬਾਅਦ ਉਮੀਦਵਾਰ ਆਪਣੀ ਪ੍ਰੈਕਟਿਸ ਅਰੰਭ ਕਰ ਸਕਦਾ ਹੈ। ਇਸ ਕੋਰਸ ਦੇ ਸੰਬੰਧਿਤ ਖੇਤਰ ਹੇਠ ਲਿਖੇ ਹਨ:

- ਲੈੱਕਚਰਾਰ (ਉਚੇਰੀ ਸਿੱਖਿਆ ਤੋਂ ਬਾਅਦ)
- ਵਿਗਿਆਨੀ
- ਡਾਕਟਰ/ਡੈਂਟਿਸਟ (ਸਰਕਾਰੀ/ਪ੍ਰਾਈਵੇਟ)
- ਡੈਂਟਲ ਸਰਜਨ
- ਆਪਣੀ ਪ੍ਰਾਈਵੇਟ ਪ੍ਰੈਕਟਿਸ
- ਓਰਲ ਸਰਜਰੀ
- ਅਤੇ ਹੋਰ ਬਹੁਤ ਸਾਰੇ ਖੇਤਰ

ਇਸ ਖੇਤਰ ਵਿੱਚ ਤਨਖ਼ਾਹ 4,00,000 ਤੋਂ ਲੈ ਕੇ 6,00,000 ਰੁ: ਤੱਕ ਸਾਲਾਨਾ ਹੋ ਸਕਦੀ ਹੈ।

**ਅਦਾਰੇ:**

- Shri Guru Ramdas Ji Institute of Dental Science and Research, Amritsar.
- Genesis Institute of Dental Science and Research, Ferozepur.
- Christian Medical College, Ludhiana.
- National Dental College and Hospital, Mohali.
- Baba Jaswant Singh Institute of Dental Science and Research, Ludhiana.
- Guru Nanak Dev Institute of Dental Science and Research, Patiala.
- Adesh University, Bathinda.
- Govt. Medical College, Patiala.
- Baba Farid University, Faridkot.
- Govt. Dental College and Hospital, Patiala.
- Punjab Govt. Dental College and Hospital, Amritsar.
- Pt. BD Sharma Post Graduate Institute of Medical Sciences, Rohtak, Haryana.
- BRS Dental College, Panchkula.
- Kurukshetra University, Kurukshetra.
- HP Dental College and Hospital, Shimla.
- Himachal Dental College, Mandi.

## B.V.Sc.(Bachelor of Veterinary Science)

### ਕੋਰਸ

ਬੀ.ਵੀ.ਐੱਸ.ਸੀ. ਵੈਟਰਨਰੀ ਸਾਇੰਸ ਦੇ ਬੈਚਲਰ ਕੋਰਸ ਵਜੋਂ ਵੀ ਜਾਣਿਆ ਜਾਂਦਾ ਹੈ, ਵੈਟਰਨਰੀ ਸਾਇੰਸ ਦੇ ਖੇਤਰ ਵਿੱਚ 5 ਸਾਲਾਂ ਦਾ ਇੱਕ ਅੰਡਰ ਗ੍ਰੈਜੂਏਟ ਕੋਰਸ ਹੈ, ਜਿਸਦਾ ਉਦੇਸ਼ ਜਾਨਵਰਾਂ ਦੇ ਪਾਲਣ ਪੋਸ਼ਣ, ਇਲਾਜ਼ ਅਤੇ ਪ੍ਰਜਨਣ ਲਈ ਲੋੜੀਂਦੇ ਗਿਆਨ ਨੂੰ ਪ੍ਰਦਾਨ ਕਰਨਾ ਹੈ। ਬੀ.ਵੀ.ਐੱਸ.ਸੀ. ਸਿਲੇਬਸ ਵਿੱਚ ਜਾਨਵਰਾਂ ਦੀ ਸਰੀਰ ਵਿਗਿਆਨ ਤੋਂ ਲੈ ਕੇ ਜ਼ਖ਼ਮੀ ਅਤੇ ਬਿਮਾਰ ਜਾਨਵਰਾਂ ਦੇ ਇਲਾਜ ਅਤੇ ਸਰਜਰੀ ਤੱਕ ਦੀ ਹਰ ਚੀਜ਼ ਨੂੰ ਕਵਰ ਕੀਤਾ ਗਿਆ ਹੈ।

ਕੋਰਸ ਦੀ ਮਿਆਦ 5 ਸਾਲ- $5\frac{1}{2}$ ਸਾਲ

ਐਸਤਨ ਸਲਾਨਾ ਤਨਖਾਹ INR 5 **ਲੱਖ ਸਾਲਾਨਾ**

**ਯੋਗਤਾ**:

ਵਿਦਿਆਰਥੀਆਂ ਨੇ ਲਾਜ਼ਮੀ ਵਿਸ਼ੇ ਵਜੋਂ ਅੰਗਰੇਜ਼ੀ ਦੇ ਨਾਲ਼ ਘੱਟੋ ਘੱਟ 50% ਦੇ ਨਾਲ਼ ਭੌਤਿਕ ਵਿਗਿਆਨ, ਰਸਾਇਣ, ਜੀਵ ਵਿਗਿਆਨ ਨਾਲ਼ 12 ਵੀਂ ਕਲਾਸ ਪੂਰੀ ਕੀਤੀ ਹੋਵੇ।

ਬੀ.ਵੀ.ਐੱਸ.ਸੀ. ਪ੍ਰੋਗਰਾਮ ਵਿਚ ਦਾਖ਼ਲਾ ਲੈਣ ਲਈ ਘੱਟੋ ਘੱਟ ਉਮਰ 18 ਸਾਲ ਅਤੇ ਦਾਖ਼ਲਾ ਸਾਲ ਦੇ 31 ਦਸੰਬਰ ਨੂੰ ਵੱਧ ਤੋਂ ਵੱਧ 25 ਸਾਲ ਹੈ। ਰਾਖਵੇਂ ਉਮੀਦਵਾਰਾਂ ਨੂੰ ਇੱਕ ਸਾਲ ਦੀ ਢਿੱਲ ਦਿੱਤੀ ਜਾਂਦੀ ਹੈ।

### ਦਾਖ਼ਲਾ ਪ੍ਰਵੇਸ਼ ਪਰੀਖਿਆ

**B.V.Sc** Important **Dates** 2020.

| **Important Events** | **Tentative Dates** |
|---|---|
| Start **date** of **Application** Form | 1st week of September |
| Last **Date** to submit the **application** form | 2nd week of September |
| Declaration of Merit List | 1st week of October |
| Allotment of Seats | TBA |

Total ਐਸਤਨ ਕੁਲ ਫੀਸਾਂ 1,00,000 **ਰੁ:**

### ਕੋਰਸ ਦਾ ਖੇਤਰ:

ਨੌਕਰੀ ਦੀਆਂ ਅਸਾਮੀਆਂ ਵੈਟਰਨਰੀ ਡਾਕਟਰ, ਵੈਟਰਨਰੀ ਅਫ਼ਸਰ, ਵੈਟਰਨਰੀ ਰਿਸਰਚ ਅਸਿਸਟੈਂਟ, ਵੈਟਰਨਰੀ ਸਰਜਨ, ਪਸ਼ੂ ਪਾਲਕ, ਸੋਸ਼ਲ ਵਰਕਰ, ਜੇ.ਆਰ.ਐੱਫ਼ /ਐੱਸ.ਆਰ.ਐੱਫ਼ ਆਦਿ ਕਾਮਨ ਜਾੱਬ ਸੈੱਕਟਰ ਐਨੀਮਲ ਹਸਪਤਾਲ, ਰਿਸਰਚ ਸੈਂਟਰ, ਐਗਰੀਕਲਚਰ ਯੂਨੀਵਰਿਸਟੀ, ਐਨੀਮਲ ਕੇਅਰ ਐੱਨ.ਜੀ.ਓ., ਐਨੀਮਲ ਕੇਅਰ ਕਲੀਨਿਕ, ਆਦ।

**ਅਦਾਰੇ**

- ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸ ਯੂਨੀਵਰਸਿਟੀ, ਲੁਧਿਆਣਾ।

## BAMS (Bachelor of Ayurvadic Medicine and Surgery)

**ਕੋਰਸ:**

ਇਸ ਕੋਰਸ ਤੋਂ ਬਾਅਦ ਉਮੀਦਵਾਰ ਆਯੁਰਵੈਦਿਕ ਦਵਾਈਆਂ ਅਤੇ ਸਰਜਰੀ ਦੇ ਵਿੱਚ ਗ੍ਰੈਜੂਏਟ ਹੋ ਜਾਂਦਾ ਹੈ। ਇਹ ਸਾਢੇ ਪੰਜ ਸਾਲ ਦਾ ਕੋਰਸ ਹੈ ਜਿਸ ਵਿੱਚ ਸਾਢੇ ਚਾਰ ਸਾਲ ਦੀ ਪੜ੍ਹਾਈ ਅਤੇ ਇੱਕ ਸਾਲ ਦੀ ਇੰਟਰਨਸ਼ਿਪ ਸ਼ਾਮਲ ਹੈ।

**ਦਾਖ਼ਲਾ ਪ੍ਰਕਿਰਿਆ:ਵੱਖ ਦਾਖ਼ਲਾ ਪਰੀਖਿਆਵਾਂ ਲਈਆਂ ਜਾਂਦੀਆਂ ਹਨ-ਇਸ ਲਈ ਤਿੰਨ ਵੱਖ :**

1. **NEET:** ਇਸ ਕੋਰਸ ਲਈ ਰਾਸ਼ਟਰੀ ਪੱਧਰ ’ਤੇ NEET (National Eligibility Cum Entrance Test) ਦੀ ਦਾਖ਼ਲਾ ਪਰੀਖਿਆ ਲਈ ਜਾਂਦੀ ਹੈ, ਜਿਸ ਦੇ ਆਧਾਰ ’ਤੇ ਵਿਦਿਆਰਥੀਆਂ ਦੀ **BAMS** ਲਈ ਚੋਣ ਕੀਤੀ ਜਾਂਦੀ ਹੈ। ਇਸ ਟੈਸਟ ਦੀ ਫ਼ੀਸ ਹੇਠ ਲਿਖੇ ਅਨੁਸਾਰ ਹੈ

General Category = 1500 ਰੁ:

OBC = 1400 ਰੁ:

SC/ST/PwD/TransGender = 800 ਰੁ:

**NEET Application Dates** 2020.

| **Events** | **Particulars** |
|---|---|
| Start **date** for **NEET Registration** | 1st week of December |

2. **OJEE (Orissa Joint Entrance Exam):** ਇਸ ਕੋਰਸ ਲਈ ਰਾਸ਼ਟਰੀ ਪੱਧਰ ’ਤੇ **OJEE (Orissa Joint Entrance Exam)** ਦੀ ਦਾਖ਼ਲਾ ਪਰੀਖਿਆ ਲਈ ਜਾਂਦੀ ਹੈ, ਜਿਸ ਦੇ ਆਧਾਰ ’ਤੇ ਵਿਦਿਆਰਥੀਆਂ ਦੀ **BAMS** ਲਈ ਚੋਣ ਕੀਤੀ ਜਾਂਦੀ ਹੈ। ਇਸ ਟੈਸਟ ਦੀ ਫ਼ੀਸ ਸਾਰੀਆਂ ਸ਼੍ਰੇਣੀਆਂ ਲਈ ਕੇਵਲ 1000 ਰੁ :ਹੈ।

OJEE 2020 Application Dates

| **Events** | **Dates** |
|---|---|
| Release of the Application Form | 1st week of **February** |
| Last Date of Fill the Application Form | Last week of **July** |
| Last Date of Paying the Fee | Last week of **August** |

**3. KEAM (Kerala Engineering, Agriculture and Medicine):** ਇਸ ਕੋਰਸ ਲਈ ਰਾਸ਼ਟਰੀ ਪੱਧਰ ’ਤੇ KEAM (Kerala Engineering, Agriculture and Medicine) ਦੀ ਦਾਖ਼ਲਾ ਪਰੀਖਿਆ ਲਈ ਜਾਂਦੀ ਹੈ, ਜਿਸ ਦੇ ਆਧਾਰ ’ਤੇ ਵਿਦਿਆਰਥੀਆਂ ਦੀ BAMS ਲਈ ਚੋਣ ਕੀਤੀ ਜਾਂਦੀ ਹੈ। ਇਸ ਟੈਸਟ ਦੀ ਫ਼ੀਸ ਹੇਠ ਲਿਖੇ ਅਨੁਸਾਰ ਹੈ।

General Category = 700 ਰੁ:

SC = 300 ਰੁ:

ST = 0 ਰੁ: (Annual Income Less than Rs. 40,000)

KEAM Entrance Exam

| | |
|---|---|
| Registration | February |

**ਯੋਗਤਾ**:

**For NEET:**

ਇਸ ਟੈਸਟ ਵਿੱਚ ਭਾਗ ਲੈਣ ਲਈ ਉਮੀਦਵਾਰ ਨੇ 10+2 ਵਿੱਚੋਂ ਲਾਜ਼ਮੀ ਅੰਗਰੇਜ਼ੀ ਦੇ ਨਾਲ਼ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਵਿੱਚੋਂ ਜਨਰਲ ਕੈਟਾਗਰੀ 50% ਅਤੇ ਰਿਜ਼ਰਵ ਕੈਟਾਗਿਰੀ 40% ਕੁੱਲ ਅੰਕ ਪ੍ਰਾਪਤ ਕੀਤੇ ਹੋਣੇ ਚਾਹੀਦੇ ਹਨ। ਉਮੀਦਵਾਰ ਦੀ ਉਮਰ 17 ਤੋਂ 25 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ।

**For OJEE:**

ਇਸ ਟੈਸਟ ਵਿੱਚ ਭਾਗ ਲੈਣ ਲਈ ਉਮੀਦਵਾਰ ਨੇ 10+2 ਵਿੱਚੋਂ ਲਾਜ਼ਮੀ ਅੰਗਰੇਜ਼ੀ ਦੇ ਨਾਲ਼ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਵਿੱਚੋਂ ਜਨਰਲ ਕੈਟਾਗਰੀ 50% ਅਤੇ ਰਿਜ਼ਰਵ ਕੈਟਾਗਿਰੀ 40% ਕੁੱਲ ਅੰਕ ਪ੍ਰਾਪਤ ਕੀਤੇ ਹੋਣੇ ਚਾਹੀਦੇ ਹਨ। ਉਮੀਦਵਾਰ ਦੀ ਉਮਰ 17 ਤੋਂ 25 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ।

**For KEAM:**

ਇਸ ਟੈਸਟ ਵਿੱਚ ਭਾਗ ਲੈਣ ਲਈ ਉਮੀਦਵਾਰ ਨੇ 10+2 ਵਿੱਚੋਂ ਲਾਜ਼ਮੀ ਅੰਗਰੇਜ਼ੀ ਦੇ ਨਾਲ਼ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਗਣਿਤ ਵਿੱਚੋਂ 50% ਕੁੱਲ ਅੰਕ ਪ੍ਰਾਪਤ ਕੀਤੇ ਹੋਣੇ ਚਾਹੀਦੇ ਹਨ। ਉਮੀਦਵਾਰ ਦੀ ਉਮਰ 17 ਤੋਂ 25 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ।

ਇਸ ਤੋਂ ਇਲਾਵਾ ਕੋਰਸ ਦੀ ਫ਼ੀਸ 2,00,000 ਰੁ: ਤੋਂ ਕੇ 3,00,000 ਰੁ: ਤੱਕ ਸਾਲਾਨਾ ਹੈ।

**ਕੋਰਸ ਦਾ ਖੇਤਰ:**

ਕੋਰਸ ਪੂਰਾ ਹੋਣ ਉਪਰੰਤ ਉਮੀਦਵਾਰ ਦੀ ਰਜਿਸਟ੍ਰੇਸ਼ਨ, ਸਟੇਟ ਮੈਡੀਕਲ ਕਾਊਂਸਲ, ਕੋਲ਼ ਹੁੰਦੀ ਹੈ ਜੋ ਉਸਨੂੰ ਇੱਕ ਸਥਾਈ ਰਜਿਸਟ੍ਰੇਸ਼ਨ ਨੰਬਰ ਜਾਰੀ ਕਰਦੀ ਹੈ ਅਤੇ ਇਸ ਤੋਂ ਬਾਅਦ ਉਮੀਦਵਾਰ ਆਪਣੀ ਪ੍ਰੈਕਟਿਸ ਅਰੰਭ ਕਰ ਸਕਦਾ ਹੈ। ਇਸ ਕੋਰਸ ਦੇ ਸੰਬੰਧਿਤ ਖੇਤਰ ਹੇਠ ਲਿਖੇ ਹਨ:

- ਲੈੱਕਚਰਾਰ (ਉਚੇਰੀ ਸਿੱਖਿਆ ਤੋਂ ਬਾਅਦ)
- ਵਿਗਿਆਨੀ
- ਆਯੁਰਵੈਦਿਕ ਡਾਕਟਰ (ਪ੍ਰਾਈਵੇਟ/ਸਰਕਾਰੀ)
- ਆਪਣੀ ਪ੍ਰਾਈਵੇਟ ਪ੍ਰੈਕਟਿਸ

ਇਸ ਖੇਤਰ ਵਿੱਚ ਤਨਖ਼ਾਹ 3,00,000 ਤੋਂ ਲੈ ਕੇ 15,00,000 ਰੁ: ਤੱਕ ਸਲਾਨਾ ਹੋ ਸਕਦੀ ਹੈ।

**ਅਦਾਰੇ** :

- ਗੁਰੂ ਨਾਨਕ ਆਯੁਰਵੈਦਿਕ ਅਤੇ ਮੈਡੀਕਲ ਕਾਲਜ, ਲੁਧਿਆਣਾ
- ਗੁਰੂ ਨਾਨਕ ਆਯੁਰਵੈਦਿਕ ਅਤੇ ਮੈਡੀਕਲ ਕਾਲਜ, ਮੁਕਤਸਰ
- ਦਯਾਨੰਦ ਆਯੁਰਵੈਦਿਕ ਕਾਲਜ, ਜਲੰਧਰ
- ਗੁਰੂ ਰਵਿਦਾਸ ਆਯੁਰਵੈਦਿਕ ਯੂਨੀਵਰਸਿਟੀ, ਹੁਸ਼ਿਆਰਪੁਰ
- ਬਾਬੇ-ਕੇ ਆਯੁਰਵੈਦਿਕ ਮੈਡੀਕਲ ਕਾਲਜ, ਮੋਗਾ
- ਬਾਬਾ ਫ਼ਰੀਦ ਯੂਨੀਵਰਸਿਟੀ, ਫ਼ਰੀਦਕੋਟ

## BHMS (Bachelor of Homeopathic Medicine and Surgery)

**ਕੋਰਸ:**

ਇਸ ਕੋਰਸ ਤੋਂ ਬਾਅਦ ਉਮੀਦਵਾਰ ਹੋਮੀਓਪੈਥਿਕ ਦਵਾਈਆਂ ਅਤੇ ਸਰਜਰੀ ਦੇ ਵਿੱਚ ਗ੍ਰੈਜੂਏਟ ਹੋ ਜਾਂਦਾ ਹੈ। ਇਹ ਸਾਢੇ ਪੰਜ ਸਾਲ ਦਾ ਕੋਰਸ ਹੈ ਜਿਸ ਵਿੱਚ ਸਾਢੇ ਚਾਰ ਸਾਲ ਦੀ ਪੜ੍ਹਾਈ ਅਤੇ ਇੱਕ ਸਾਲ ਦੀ ਇੰਟਰਨਸ਼ਿਪ ਸ਼ਾਮਲ ਹੈ।

**ਦਾਖ਼ਲਾ ਪ੍ਰਕਿਰਿਆ:ਵੱਖ ਦਾਖ਼ਲਾ ਪਰੀਖਿਆਵਾਂ ਲਈਆਂ ਜਾਂਦੀਆਂ ਹਨ-ਇਸ ਲਈ ਤਿੰਨ ਵੱਖ :**

1. **NEET:** ਇਸ ਕੋਰਸ ਲਈ ਰਾਸ਼ਟਰੀ ਪੱਧਰ 'ਤੇ **NEET (National Eligibility Cum Entrance Test)** ਦੀ ਦਾਖ਼ਲਾ ਪਰੀਖਿਆ ਲਈ ਜਾਂਦੀ ਹੈ, ਜਿਸ ਦੇ ਆਧਾਰ 'ਤੇ ਵਿਦਿਆਰਥੀਆਂ ਦੀ **BHMS** ਲਈ ਚੋਣ ਕੀਤੀ ਜਾਂਦੀ ਹੈ। ਇਸ ਟੈਸਟ ਦੀ ਫ਼ੀਸ ਹੇਠ ਲਿਖੇ ਅਨੁਸਾਰ ਹੈ

General Category = 1500 ਰੁ:

OBC = 1400 ਰੁ:

SC/ST/PwD/TransGender = 800 ਰੁ:

**NEET Application Dates** 2020.

| **Events** | **Particulars** |
|---|---|
| Start **date** for **NEET Registration** | 1st week of December |

2. **PUCET (Panjab University Common Entrance Test):** ਇਸ ਕੋਰਸ ਲਈ ਰਾਸ਼ਟਰੀ ਪੱਧਰ 'ਤੇ **PUCET (Panjab University Common Entrance Test)** ਦੀ ਦਾਖ਼ਲਾ ਪਰੀਖਿਆ ਲਈ ਜਾਂਦੀ ਹੈ, ਜਿਸ ਦੇ ਆਧਾਰ 'ਤੇ ਵਿਦਿਆਰਥੀਆਂ ਦੀ **BHMS** ਲਈ ਚੋਣ ਕੀਤੀ ਜਾਂਦੀ ਹੈ। ਇਸ ਟੈਸਟ ਦੀ ਫ਼ੀਸ ਹੇਠ ਲਿਖੇ ਅਨੁਸਾਰ ਹੈ।

General Category = 2175 ਰੁ:

SC/ST/TransGender = 1088 ਰੁ:

**1st Year will be held from 2nd week of November onwards.**

3. **KEAM (Kerala Engineering, Agriculture and Medicine)**: ਇਸ ਕੋਰਸ ਲਈ ਰਾਸ਼ਟਰੀ ਪੱਧਰ ’ਤੇ **KEAM (Kerala Engineering, Agriculture and Medicine)** ਦੀ ਦਾਖ਼ਲਾ ਪਰੀਖਿਆ ਲਈ ਜਾਂਦੀ ਹੈ, ਜਿਸ ਦੇ ਆਧਾਰ ’ਤੇ ਵਿਦਿਆਰਥੀਆਂ ਦੀ **BHMS** ਲਈ ਚੋਣ ਕੀਤੀ ਜਾਂਦੀ ਹੈ। ਇਸ ਟੈਸਟ ਦੀ ਫ਼ੀਸ ਹੇਠ ਲਿਖੇ ਅਨੁਸਾਰ ਹੈ

General Category = 700 ਰੁ:

SC = 300 ਰੁ:

ST = 0 ਰੁ: (Annual Income Less than Rs. 40,000)

KEAM Entrance Exam

Registration 1–28 Feb 2018

4. **IPUCET (Indraprastha University Common Entrance Test):** ਇਸ ਕੋਰਸ ਲਈ ਰਾਸ਼ਟਰੀ ਪੱਧਰ ’ਤੇ **IPUCET (Indraprastha University Common Entrance Test)** ਦੀ ਦਾਖ਼ਲਾ ਪਰੀਖਿਆ ਲਈ ਜਾਂਦੀ ਹੈ, ਜਿਸ ਦੇ ਆਧਾਰ 'ਤੇ ਵਿਦਿਆਰਥੀਆਂ ਦੀ **BHMS** ਲਈ ਚੋਣ ਕੀਤੀ ਜਾਂਦੀ ਹੈ। ਇਸ ਟੈਸਟ ਦੀ ਫ਼ੀਸ ਸਾਰੀਆਂ ਸ਼੍ਰੇਣੀਆਂ ਲਈ ਕੇਵਲ 1200 ਰੁਹੈ। :

IPU CET Important Dates

| **Event** | **Date** |
|---|---|
| **IPU CET Application** form | 1st week of March |
| Last **Date** to Submit **IPU CET** Online **Application** Form | 2nd week of August |
| **IPU CET Application** Correction Window | Mid August |
| **IPU CET** Exam | 1st week of September |

**5. BVPCET (Bharti Vidyapeeth Common Entrance Test):** ਇਸ ਕੋਰਸ ਲਈ ਰਾਸ਼ਟਰੀ ਪੱਧਰ ’ਤੇ **BVPCET (Bharti Vidyapeeth Common Entrance Test)** ਦੀ ਦਾਖ਼ਲਾ ਪਰੀਖਿਆ ਲਈ ਜਾਂਦੀ ਹੈ, ਜਿਸ ਦੇ ਆਧਾਰ ’ਤੇ ਵਿਦਿਆਰਥੀਆਂ ਦੀ BHMS ਲਈ ਚੋਣ ਕੀਤੀ ਜਾਂਦੀ ਹੈ। ਇਸ ਟੈਸਟ ਦੀ ਫ਼ੀਸ ਸਾਰੀਆਂ ਸ਼੍ਰੇਣੀਆਂ ਲਈ ਕੇਵਲ 1700 ਰੁ: (ਕਿਸੇ ਵੀ ਹਾਲਾਤ ਵਿੱਚ ਨਾ ਮੋੜਨਯੋਗ) ਹੈ।

ਇਸ ਤੋਂ ਇਲਾਵਾ ਕੋਰਸ ਦੀ ਫ਼ੀਸ 80,000 ਰੁ ਤੋਂ ਲੈ ਕੇ :2,00,000 ਰੁ: ਤੱਕ ਸਾਲਾਨਾ ਹੈ।

For **BVP CET** B.Tech:

| **Events** | **Dates** |
|---|---|
| Starting of online **application** form | 3rd week of January |
| Last **date** to submit **application** | 3rd week of August 2020 |
| Exam **date** | Last week of August |

**ਯੋਗਤਾ**:

**For NEET:**

ਇਸ ਟੈਸਟ ਵਿੱਚ ਭਾਗ ਲੈਣ ਲਈ ਉਮੀਦਵਾਰ ਨੇ 10+2 ਵਿੱਚੋਂ ਲਾਜ਼ਮੀ ਅੰਗਰੇਜ਼ੀ ਦੇ ਨਾਲ਼ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਵਿੱਚੋਂ ਜਨਰਲ ਕੈਟਾਗਰੀ 50% ਅਤੇ ਰਿਜ਼ਰਵ ਕੈਟਾਗਿਰੀ 40% ਕੁੱਲ ਅੰਕ ਪ੍ਰਾਪਤ ਕੀਤੇ ਹੋਣੇ ਚਾਹੀਦੇ ਹਨ। ਉਮੀਦਵਾਰ ਦੀ ਉਮਰ 17 ਤੋਂ 25 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ।

**For PUCET/IPUCET/BVPCET:**

ਇਸ ਟੈਸਟ ਵਿੱਚ ਭਾਗ ਲੈਣ ਲਈ ਉਮੀਦਵਾਰ ਨੇ 10+2 ਵਿੱਚੋਂ ਲਾਜ਼ਮੀ ਅੰਗਰੇਜ਼ੀ ਦੇ ਨਾਲ਼ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਵਿੱਚੋਂ 50% ਕੁੱਲ ਅੰਕ ਪ੍ਰਾਪਤ ਕੀਤੇ ਹੋਣੇ ਚਾਹੀਦੇ ਹਨ। ਉਮੀਦਵਾਰ ਦੀ ਉਮਰ ਘੱਟੋ - ਘੱਟ 17 ਸਾਲ ਦੇ ਹੋਣੀ ਚਾਹੀਦੀ ਹੈ।

**For KEAM:**

ਇਸ ਟੈਸਟ ਵਿੱਚ ਭਾਗ ਲੈਣ ਲਈ ਉਮੀਦਵਾਰ ਨੇ 10+2 ਵਿੱਚੋਂ ਲਾਜ਼ਮੀ ਅੰਗਰੇਜ਼ੀ ਦੇ ਨਾਲ਼ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਗਣਿਤ ਵਿੱਚੋਂ 50% ਕੁੱਲ ਅੰਕ ਪ੍ਰਾਪਤ ਕੀਤੇ ਹੋਣੇ ਚਾਹੀਦੇ ਹਨ। ਉਮੀਦਵਾਰ ਦੀ ਉਮਰ 17 ਤੋਂ 25 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ।

ਇਸ ਤੋਂ ਇਲਾਵਾ ਕੋਰਸ ਦੀ ਫ਼ੀਸ 2,00,000 ਰੁ: ਤੋਂ ਲੈ ਕੇ 3,00,000 ਰੁ: ਤੱਕ ਸਾਲਾਨਾ ਹੈ।

**ਕੋਰਸ ਦਾ ਖੇਤਰ:**

ਕੋਰਸ ਪੂਰਾ ਹੋਣ ਉਪਰੰਤ ਉਮੀਦਵਾਰ ਦੀ ਰਜਿਸਟ੍ਰੇਸ਼ਨ, ਸਟੇਟ ਮੈਡੀਕਲ ਕਾਊਂਸਲ, ਕੋਲ਼ ਹੁੰਦੀ ਹੈ ਜੋ ਉਸਨੂੰ ਇੱਕ ਸਥਾਈ ਰਜਿਸਟ੍ਰੇਸ਼ਨ ਨੰਬਰ ਜਾਰੀ ਕਰਦੀ ਹੈ ਅਤੇ ਇਸ ਤੋਂ ਬਾਅਦ ਉਮੀਦਵਾਰ ਆਪਣੀ ਪ੍ਰੈਕਟਿਸ ਆਰੰਭ ਕਰ ਸਕਦਾ ਹੈ। ਇਸ ਕੋਰਸ ਦੇ ਸੰਬੰਧਿਤ ਖੇਤਰ ਹੇਠ ਲਿਖੇ ਹਨ:

- ਲੈੱਕਚਰਾਰ (ਉਚੇਰੀ ਸਿੱਖਿਆ ਤੋਂ ਬਾਅਦ)
- ਵਿਗਿਆਨੀ
- ਹੋਮਿਓਪੈਥਿਕ ਡਾਕਟਰ (ਸਰਕਾਰੀ/ਪ੍ਰਾਈਵੇਟ)
- ਆਪਣੀ ਪ੍ਰਾਈਵੇਟ ਪ੍ਰੈਕਟਿਸ
- ਥੈਰੇਪਿਸਟ
- ਫਾਰਮਾਸਿਸਟ
- ਕੰਸਲਟੈਂਟ

ਇਸ ਖੇਤਰ ਵਿੱਚ ਤਨਖ਼ਾਹ 25,000 ਤੋਂ ਲੈ ਕੇ 50,000 ਰੁ: ਤੱਕ ਸਾਲਾਨਾ (ਤਜ਼ਰਬੇ ਸਮੇਤ) ਹੋ ਸਕਦੀ ਹੈ।

**ਅਦਾਰੇ:**

- ਰਜਿੰਦਰਾ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ, ਪਟਿਆਲਾ
- ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫ਼ਰੀਦਕੋਟ
- ਗੁਰੂ ਨਾਨਕ ਦੇਵ ਹੋਮੀਓਪੈਥਿਕ ਮੈਡੀਕਲ ਕਾਲਜ ਅਤੇ ਹਸਪਤਾਲ, ਲੁਧਿਆਣਾ
- ਲਾਰਡ ਸ਼ਿਵਾ ਹੋਮੀਓਪੈਥਿਕ ਮੈਡੀਕਲ ਕਾਲਜ ਅਤੇ ਹਸਪਤਾਲ, ਲੁਧਿਆਣਾ
- ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ, ਸ਼ਿਮਲਾ
- ਸੋਲਨ ਹੋਮਿਓਪੈਥਿਕ ਮੈਡੀਕਲ ਕਾਲਜ ਅਤੇ ਹਸਪਤਾਲ, ਸੋਲਨ
- ਜੇ ਆਰ ਕਿਸਾਨ ਹੋਮਿਓਪੈਥਿਕ ਮੈਡੀਕਲ ਕਾਲਜ ਅਤੇ ਹਸਪਤਾਲ, ਰੋਹਤਕ
- ਨਹਿਰੂ ਹੋਮਿਓਪੈਥਿਕ ਮੈਡੀਕਲ ਕਾਲਜ ਅਤੇ ਹਸਪਤਾਲ, ਨਵੀਂ ਦਿੱਲੀ
- ਗੁਰੂ ਗੋਬਿੰਦ ਸਿੰਘ ਇੰਦਰਪ੍ਰਸਥ ਯੂਨੀਵਰਸਿਟੀ, ਨਵੀਂ ਦਿੱਲੀ

## Bachelor of Architecture

**ਕੋਰਸ:**

ਇਹ ਇੱਕ 5 ਸਾਲਾ ਬੈਚਲਰ ਕੋਰਸ ਹੈ, ਜਿਸ ਵਿੱਚ ਵਿਦਿਆਰਥੀ ਨੂੰ ਥਿਓਰੈਟੀਕਲ ਅਤੇ ਪ੍ਰੈਕਟੀਕਲ ਗਿਆਨ ਰਾਹੀਂ ਇਮਾਰਤਾਂ ਅਤੇ ਹੋਰ ਭੌਤਿਕ ਢਾਂਚਿਆਂ ਦੀ ਪਲਾਨਿੰਗ, ਡਿਜ਼ਾਇਨਿੰਗ ਅਤੇ ਕੰਸਟ੍ਰੱਕਸ਼ਨ ਦੀ ਕਲਾ ਸਿਖਾਈ ਜਾਂਦੀ ਹੈ, ਜਿਸ ਵਿੱਚ ਬਿਲਡਿੰਗ ਬਣਤਰ ਨਾਲ਼ ਸੰਬੰਧਿਤ ਹਰ ਇੱਕ ਪਹਿਲੂ (ਸ਼ੁਰੂਆਤ ਤੋਂ ਲੈ ਕੇ ਸੁੰਦਰੀਕਰਨ ਤੱਕ) ਸ਼ਾਮਲ ਹੈ।

**ਯੋਗਤਾ:**

- **AAT** ਲਈ ਵਿਦਿਆਰਥੀ ਦੇ 10+2 ਵਿੱਚੋਂ 50% ਅੰਕ ਹੋਣੇ ਚਾਹੀਦੇ ਹਨ।
- **NATA** ਲਈ ਵਿਦਿਆਰਥੀ ਦੇ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਗਣਿਤ ਵਿਸ਼ਿਆਂ ਨਾਲ਼ ਘੱਟੋ ਘੱਟ ਕੁੱਲ 50% ਅੰਕ ਹਾਸਿਲ ਕੀਤੇ ਹੋਣੇ ਚਾਹੀਦੇ ਹਨ।

**ਦਾਖ਼ਲਾ ਪ੍ਰਕਿਰਿਆ:**

ਇਸ ਦੀਆਂ ਦੋ ਦਾਖ਼ਲਾ ਪਰੀਖਿਆਵਾਂ ਹਨ

**NATA (National Aptitude Test in Architecture).**

ਇਸ ਦੀ ਫ਼ੀਸ ਅਤੇ ਪਰੀਖਿਆ ਦੋ ਚਰਨਾਂ ਵਿੱਚ ਹੁੰਦੀ ਹੈ

| | |
|---|---|
| ਜਨਰਲ ਕੈਟਾਗਰੀ ਫੇਜ਼ 1 | = 2000ਰੁ: |
| ਫੇਜ਼ 2 | = 2000ਰੁ: |
| ਇਕੱਠੀ | =3800ਰੁ: |
| ਐੱਸ.ਸੀ./ਐੱਸ.ਟੀ. ਫੇਜ਼ 1 | = 1700ਰੁ: |
| ਫੇਜ਼ 2 | = 1700ਰੁ: |
| ਇਕੱਠੀ | = 3100ਰੁ: |

**AAT (Architecture Aptitude Test)**

- ਇਹ ਟੈੱਸਟ ਕੇਵਲ IIT ਲਈ ਹੈ।
- ਇਸ ਟੈੱਸਟ ਲਈ ਵਿਦਿਆਰਥੀ ਦਾ JEE Advance ਕਲੀਅਰ ਹੋਣਾ ਚਾਹੀਦਾ ਹੈ।

**ਪਰੀਖਿਆ ਫ਼ੀਸ:**

| | |
|---|---|
| ਜਨਰਲ ਕੈਟਾਗਰੀ ਦੇ ਪੁਰਸ਼ਾਂ ਲਈ | =2600 + GST ਰੁ: |
| ਐੱਸ.ਸੀ./ਐੱਸ.ਟੀ. ਔਰਤਾਂ ਲਈ | = 1300 + GST ਰੁ: |

ਇਸਦੀ ਕੋਰਸ ਫ਼ੀਸ 50,000 ਤੋਂ ਲੈ ਕੇ 2,00,000 ਰੁ: ਤੱਕ ਸਾਲਾਨਾ ਹੁੰਦੀ ਹੈ।

**B.Arch Entrance Exam Schedule.**

| | |
|---|---|
| **Name of Exam** | JEE Main (Paper-II) |
| **Date of Exam (New Dates Released)** | From 1st week of September |
| **Application Form Release Date** | 1st week of February |
| **Last Date of Submit Application Form** | Last week of May |
| **Exam Mode** | Online |

**ਕੋਰਸ ਦੇ ਖੇਤਰ:**

ਇਸਦੀ ਮੰਗ ਹੇਠ ਲਿਖੇ ਵਿਭਾਗਾਂ ਵਿੱਚ ਹੁੰਦੀ ਹੈ:

- Achrological Department.
- National Building Organisation.
- Ministry of Defence.
- Railway
- Private Builders
- PWD
- Housing and Urban Development Corporation.
- Lecturer after Master Degree.

**ਅਦਾਰੇ:**

- Lovely Professional University, Jalandhar.
- Chitkara University, Patiala.
- Desh Bhagat University, Gobindgarh.
- Indoglobal College of Architecture, Mohali.
- College of Architechture, Ropar.
- PTU Jalandhar.
- Giani Jail Singh Campus College, Bathinda.
- RIMT Gobindgarh.
- GNDU, Amritsar.
- Chandigarh Technical University, Ludhiana.
- Govt. Polytechnic College, Bathinda.
- Mai Bhago Polytechnic College for Girls, Amritsar.
- Govt. Polytechnic College for Girls, Patiala.

- Sushant University, Gurgaon.
- Lingaya's Vidyapeeth, Faridabad.
- Amity University, Gurgaon.
- National Institute of Technology, Hamirpur.
- Rajiv Gandhi Govt. Engineering College, Kangra.
  HP Technical University, Hamirpur.

## B. Sc. (Bachelor of Science)

### ਕੋਰਸ:

ਬੈਚਲਰ ਔੱਫ਼ ਸਾਇੰਸ (ਬੀ.ਐੱਸ.ਸੀ.) ਇੱਕ ਅੰਡਰ ਗ੍ਰੈਜੁਏਟ ਡਿਗਰੀ ਕੋਰਸ ਹੁੰਦਾ ਹੈ ਜੋ ਆਮ ਤੌਰ 'ਤੇ ਤਿੰਨ ਸਾਲਾਂ ਦਾ ਹੁੰਦਾ ਹੈ। ਇਹ 12ਵੀਂ ਕਲਾਸ ਤੋਂ ਬਾਅਦ ਸਾਇੰਸ ਦੇ ਵਿਦਿਆਰਥੀਆਂ ਵਿਚ ਸਭ ਤੋਂ ਪ੍ਰਸਿੱਧ ਕੋਰਸ ਹੈ। ਬੀ.ਐੱਸ.ਸੀ. ਦਾ ਪੂਰਾ ਨਾਮ ਬੈਚਲਰ ਔੱਫ਼ ਸਾਇੰਸ ਹੈ। ਕੋਰਸ ਉਹਨਾਂ ਵਿਦਿਆਰਥੀਆਂ ਲਈ ਇੱਕ ਬੁਨਿਆਦ ਕੋਰਸ ਮੰਨਿਆ ਜਾਂਦਾ ਹੈ, ਜੋ ਸਾਇੰਸ ਦੇ ਖੇਤਰ ਵਿੱਚ ਆਪਣਾ ਕਰੀਅਰ ਬਣਾਉਣਾ ਚਾਹੁੰਦੇ ਹਨ। ਇਹ ਭਾਰਤ ਦੀਆਂ ਬਹੁਗਿਣਤੀਆਂ ਯੂਨੀਵਰਸਿਟੀਆਂ ਵਿਚ ਵੱਖ-ਵੱਖ ਵਿਗਿਆਨ ਵਿਸ਼ਿਆਂ ਵਿਚ ਪੇਸ਼ ਕੀਤਾ ਜਾਂਦਾ ਹੈ।

ਬੀ.ਐੱਸ.ਸੀ. ਦੀਆਂ ਸ਼ਾਖਾਵਾਂ :

B. Sc. (Medical/ Non Medical)
B. Sc. (IT & Software)
B. Sc. (Computer Science)
B. Sc. (Nursing)
B. Sc. (Fashion Designing)
B. Sc. (Agriculture)
B. Sc. (Biotechnology)
B. Sc. (Hospitality)
B. Sc. (Animation)
B. Sc. (PhysioTherapy)

ਬੀ.ਐੱਸ.ਸੀ. ਦਾ ਕੋਰਸ ਪੂਰੇ ਸਮੇਂ ਜਾਂ ਪਾਰਟ-ਟਾਈਮ ਕੋਰਸ ਵਜੋਂ ਕੀਤਾ ਜਾ ਸਕਦਾ ਹੈ। ਵਿਦਿਆਰਥੀ ਸਧਾਰਨ ਬੀ.ਐੱਸ.ਸੀ. ਜਾਂ ਬੀ.ਐੱਸ.ਸੀ. (ਆਨਰਜ਼) ਪ੍ਰਾਪਤ ਕਰਨ ਦੀ ਚੋਣ ਕਰ ਸਕਦੇ ਹਨ। ਕੋਰਸ ਉਨ੍ਹਾਂ ਵਿਦਿਆਰਥੀਆਂ ਲਈ ਸਭ ਤੋਂ ਢੁਕਵਾਂ ਹੈ, ਜਿਨ੍ਹਾਂ ਦੀ ਵਿਗਿਆਨ ਅਤੇ ਗਣਿਤ ਵਿੱਚ ਮਜ਼ਬੂਤ ਰੁਚੀ ਅਤੇ ਪਿਛੋਕੜ ਹੈ। ਇਹ ਕੋਰਸ ਉਨ੍ਹਾਂ ਵਿਦਿਆਰਥੀਆਂ ਲਈ ਵੀ ਲਾਭਕਾਰੀ ਹੈ ਜੋ ਭਵਿੱਖ ਵਿੱਚ ਬਹੁਗਿਣਤੀ ਅਤੇ ਅੰਤਰ-ਅਨੁਸ਼ਾਸਨੀ ਵਿਗਿਆਨ ਕੈਰੀਅਰ ਨੂੰ ਅੱਗੇ ਵਧਾਉਣਾ ਚਾਹੁੰਦੇ ਹਨ। ਬੀ.ਐੱਸ.ਸੀ. ਦੀ ਡਿਗਰੀ ਪੂਰੀ ਹੋਣ ਤੋਂ ਬਾਅਦ, ਉਮੀਦਵਾਰ ਮਾਸਟਰ ਔੱਫ਼ ਸਾਇੰਸ (ਐਮ.ਐੱਸ.ਸੀ.) ਦੀ ਪੜ੍ਹਾਈ ਕਰ ਸਕਦੇ ਹਨ ਜਾਂ ਪੇਸ਼ੇਵਰ ਨੌਕਰੀ-ਮੁਖੀ ਕੋਰਸ ਵਿਚ ਸੁਰੱਖਿਅਤ ਦਾਖ਼ਲਾ ਲੈ ਸਕਦੇ ਹਨ।

### ਯੋਗਤਾ

ਬੀ.ਐੱਸ.ਸੀ. ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਕਰਨ ਲਈ ਉਮੀਦਵਾਰਾਂ ਨੂੰ ਸਾਇੰਸ ਸਟਰੀਮ ਵਿਚ ਬਾਰ੍ਹਵੀਂ ਜਮਾਤ ਮਾਨਤਾ ਪ੍ਰਾਪਤ ਬੋਰਡ ਤੋਂ ਘੱਟੋ ਘੱਟ 50% - 60% ਕੁਲ ਅੰਕ ਨਾਲ਼ ਪਾਸ ਕਰਨੀ ਚਾਹੀਦੀ ਹੈ। ਇਹ ਨੋਟ ਕੀਤਾ ਜਾ ਸਕਦਾ ਹੈ ਕਿ ਬੀ.ਐੱਸ.ਸੀ. ਦੇ ਦਾਖ਼ਲਿਆਂ ਲਈ ਲੋੜੀਂਦੀ ਘੱਟੋ ਘੱਟ

ਪ੍ਰਤੀਸ਼ਤਤਾ ਇੱਕ ਯੂਨੀਵਰਸਿਟੀ / ਕਾਲਜ ਦੀ ਨੀਤੀ ਦੇ ਅਧਾਰ 'ਤੇ ਵੱਖ-ਵੱਖ ਹੋ ਸਕਦੀ ਹੈ, ਜਿਸ ਵਿੱਚ ਇੱਕ ਉਮੀਦਵਾਰ ਬਿਨੈ ਕਰ ਰਿਹਾ ਹੈ।

ਇਹ ਸਲਾਹ ਦਿੱਤੀ ਜਾਂਦੀ ਹੈ ਕਿ ਬੀ.ਐੱਸ.ਸੀ. ਵਿਦਿਆਰਥੀ ਪਹਿਲਾਂ ਆਪਣੀ ਐਮ.ਐੱਸ.ਸੀ. ਦੀ ਡਿਗਰੀ ਨੂੰ ਪੂਰਾ ਕਰਨ ਅਤੇ ਫਿਰ ਕਿਸੇ ਨੌਕਰੀ ਦੀ ਭਾਲ ਕਰਨ।

B.Sc Application Dates

| **Event** | **Date** |
|---|---|
| Online **registration** starts (UG Programmes) | 3rd week of June |
| Online **Registration** starts (For PG Programmes) | 3rd week of June |
| Last **date** of online **application** submission (UG/ PG) | Last week of August (For UG only) |
| **Application** correction | Mid September to 1st week of October |

**ਕੋਰਸ ਦਾ ਖੇਤਰ:**

ਹੇਠਾਂ ਦਿੱਤੇ ਪ੍ਰਸਿੱਧ ਨੌਕਰੀ ਪ੍ਰੋਫ਼ਾਈਲ ਹਨ ਜੋ ਬੀ.ਐੱਸ. ਸੀ. ਗ੍ਰੈਜੂਏਟ ਕੋਰਸ ਪੂਰਾ ਕਰਨ ਤੋਂ ਬਾਅਦ ਲੈ ਸਕਦੇ ਹਨ:

- ਰਿਸਰਚ ਸਾਇੰਟਿਸਟ
- ਵਿਗਿਆਨਕ ਸਹਾਇਕ
- ਖ਼ਜ਼ਾਨਾ ਮਾਹਿਰ
- ਕੁਆਲਟੀ ਕੰਟਰੋਲ ਮੈਨੇਜ਼ਰ
- ਅੰਕੜਾ ਵਿਗਿਆਨੀ
- ਅਧਿਆਪਕ
- ਤਕਨੀਕੀ ਲੇਖਕ
- ਲੈੱਬ ਕੈਮਿਸਟ

**ਅਦਾਰੇ**

ਹੇਠ ਲਿਖੀਆਂ ਯੂਨੀਵਰਸਿਟੀਆਂ ਨਾਲ਼ ਸੰਬੰਧਿਤ ਸਾਰੇ ਕਾਲਜ

- ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
- ਪੰਜਾਬੀ ਯੂਨੀਵਰਸਿਟੀ, ਪਟਿਆਲਾ
- ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
- ਸੀ ਟੀ ਯੂਨੀਵਰਸਿਟੀ, ਲੁਧਿਆਣਾ
- ਚਿਤਕਾਰਾ ਯੂਨੀਵਰਸਿਟੀ
- ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਜਲੰਧਰ ਆਦਿ..........

**DMLT (Diploma in Medical Laboratory Technology)**

**ਕੋਰਸ**: ਮੈਡੀਕਲ ਲੈਬਾਰਟਰੀ ਟੈਕਨਾਲੋਜੀ (ਐੱਮ.ਐੱਲ.ਟੀ.) ਵਿਗਿਆਨ ਦੀ ਇਕ ਸ਼ਾਖਾ ਹੈ ਜੋ ਕਿ ਕਲੀਨੀਕਲ ਲੈਬਾਰਟਰੀ ਟੈਸਟਾਂ ਦੀ ਵਰਤੋਂ ਨਾਲ ਬਿਮਾਰੀਆਂ ਦੀ ਜਾਂਚ, ਇਲਾਜ ਅਤੇ ਰੋਕਥਾਮ ਨਾਲ ਸੰਬੰਧ ਰੱਖਦੀ ਹੈ. ਇਸ ਵਿਚ ਸਰੀਰ ਦੇ ਤਰਲਾਂ ਦਾ ਵਿਸ਼ਲੇਸ਼ਣ ਸ਼ਾਮਲ ਹੁੰਦਾ ਹੈ, ਜਿਸ ਵਿਚ ਟਿਸ਼ੂ ਅਤੇ ਲਹੂ ਸ਼ਾਮਲ ਹੁੰਦੇ ਹਨ। ਮੈਡੀਕਲ ਲੈਬਾਰਟਰੀ ਟੈਕਨੋਲੋਜਿਸਟ ਆਪਣੇ ਜ਼ਿਆਦਾਤਰ ਕਾਰਜਾਂ ਜਿਵੇਂ ਕਿ ਸਲਾਇਡਾਂ ਦੇ ਮਨੁੱਖੀ ਟਿਸ਼ੂਆਂ ਜਾਂ ਹੋਰ ਨਮੂਨੇ ਤਿਆਰ ਕਰਨਾ, ਪ੍ਰਯੋਗਸ਼ਾਲਾ ਦੇ ਉਪਕਰਨਾਂ ਦੀ ਵਰਤੋਂ ਕਰਦੇ ਹਨ। ਉਹ ਖ਼ੂਨ ਦੀ ਜਾਂਚ ਅਤੇ ਖ਼ੂਨ ਦੀ ਟਾਈਪਿੰਗ ਵਰਗੇ ਕੰਮ ਵੀ ਕਰਦੇ ਹਨ।

**ਯੋਗਤਾ**:

ਉਮੀਦਵਾਰ ਦੇ ਕਲਾਸ 12 ਵਿੱਚ ਘੱਟੋ-ਘੱਟ 45-50% ਅੰਕ ਹੋਣੇ ਚਾਹੀਦੇ ਹਨ , ਭੌਤਿਕ ਵਿਗਿਆਨ, ਰਸਾਇਣ ਅਤੇ ਜੀਵ ਵਿਗਿਆਨ ਵਰਗੇ ਵਿਸ਼ਿਆਂ ਦੇ ਨਾਲ।

**ਦਾਖ਼ਲਾ ਪ੍ਰਕਿਰਿਆ**: ਭਾਰਤ ਵਿੱਚ ਡੀ.ਐੱਮ.ਐੱਲ.ਟੀ. ਦੇ ਦਾਖਲੇ ਲਈ ਕੋਈ ਉਮਰ ਸੀਮਾ ਨਹੀਂ ਹੈ. ਆਪਣੇ ਉੱਚ ਸੈਕੰਡਰੀ ਪਰੀਖਿਆ ਦੇ ਨਤੀਜਿਆਂ ਦੀ ਉਡੀਕ ਕਰ ਰਹੇ ਉਮੀਦਵਾਰ ਡੀ.ਐੱਮ.ਐੱਲ.ਟੀ. ਕੋਰਸ ਲਈ ਵੀ ਬਿਨੈ ਕਰ ਸਕਦੇ ਹਨ।

ਕੋਰਸ ਦੀ ਫ਼ੀਸ **30** ਹਜ਼ਾਰ ਤੋਂ **80** ਹਜ਼ਾਰ ਰੁਪਏ ਹੈ।

**DMLT** Admissions Important **Dates**.

| **Event** | **Date (Tentative)** |
|---|---|
| Start **Date** of **Application** Form | May 2020 |
| Last **Date** of **Application** Form | July 2020 |

ਕੋਰਸ ਦਾ ਖੇਤਰ:

- ਹਸਪਤਾਲਾਂ/ਲੈਬਾਰਟਰੀ ਵਿੱਚ ਨੌਕਰੀ
- ਖ਼ੁਦ ਦੀ ਲੈਬਾਰਟਰੀ

ਅਦਾਰੇ:

- ਗੁਰੂ ਨਾਨਕ ਇੰਸਟੀਚਿਊਟ ਆੱਫ਼ ਮੈਡੀਕਲ ਤਕਨਾਲੋਜੀ, ਪਟਿਆਲਾ
- ਲਾਲਾ ਲਾਜਪਤ ਰਾਏ ਕਾਲਜ ਆੱਫ਼ ਫਾਰਮੇਸੀ, ਮੋਗਾ
- ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ
- ਸਰਕਾਰੀ ਪੋਲੀਟੈਕਨਿਕ ਕਾਲਜ, ਮੁਹਾਲੀ
- ਆਦੇਸ਼ ਗਰੁੱਪ ਆੱਫ਼ ਇੰਸੀਟਿਊਸ਼ਨ ਬਠਿੰਡਾ
- ਜੀ. ਐੱਚ. ਜੀ ਕਾਲਜ ਆੱਫ਼ ਫਾਰਮੇਸੀ, ਸੁਧਾਰ

# COURSES AFTER 10+2 VOCATIONAL?

1. Vocational Education
2.Group Wise & Trades Wise
3. Group &Trade Wise Introduction
4. Agriculture Group
4.1 Horticulture
5. Engineering and Technology Group
6. Home Science Group
7. Buisness & Commerce Group
8. Eligibility of  Admission in Diploma Colleges

Apprenticeship

# Index (ਤਤਕਰਾ)

**1.Vocational Education (ਕਿੱਤਾ ਮੁਖੀ ਸਿੱਖਿਆ )**

**2.Group Wise & Trades Wise ( ਵੋਕੇਸ਼ਨਲ ਟਰੇਡਾਂ ਦੀ ਗਰੁੱਪਾਂ ਅਨੁਸਾਰ ਵੰਡ )**

**3. Group &Trade Wise Introduction (ਗਰੁੱਪ ਅਤੇ ਟਰੇਡ ਵਾਈਜ਼ ਜਾਣਕਾਰੀ )**

**4. Agriculture Group (ਐਗਰੀਕਲਚਰ ਗਰੁੱਪ )**

4.1 **Horticulture** ( **ਹੌਰਟੀਕਲਚਰ** )

**5. Engineering and Technology Group (ਇੰਜੀਨੀਅਰਿੰਗ ਅਤੇ ਟੈਕਨੋਲੋਜੀ ਗਰੁੱਪ)**

5.1 Auto Mobile Engineering (**ਆਟੋ ਮੋਬਾਈਲ ਇੰਜੀਨੀਅਰਿੰਗ**)

5.2 Architecture ( ***ਆਰਕੀਟੈਕਚਰ ਇੰਜੀਨੀਅਰਿੰਗ***)

5.3 Computer Science(**ਕੰਪਿਊਟਰ ਸਾਇੰਸ**)

5.4 Electrical (**ਇਲੈਕਟ੍ਰਿਕਲ**)

5.5 Electronics (ਇਲੈਕਟ੍ਰਾਨਿਕਸ)

5.6 Mechanical (ਮਕੈਨੀਕਲ)

**6. Home Science Group (ਹੋਮ ਸਾਇੰਸ ਗਰੁੱਪ)**

6.1 Food preservation (**ਭੋਜਨ ਦੀ ਸੰਭਾਲ**)

6.2 Garment Making (**ਗਾਰਮੈਂਟ ਮੈਕਿੰਗ**)

6.3Textile Designing ( ***ਟੈਕਸਟਾਈਲ ਡਿਜ਼ਾਈਨਿੰਗ***)

6.4 Textile Weaving ( ਟੈਕਸਟਾਈਲ **ਵੀਵਿੰਗ**)

6.5 Knitting Technology (**ਨਿਟਿੰਗ ਟੈਕਨੋਲੋਜੀ** )

**7. Buisness & Commerce Group (ਬਿਜ਼ਨੈੱਸ ਅਤੇ ਕਾੱਮਰਸ ਗਰੁੱਪ )**

7.1 Banking Financial Services (**ਬੈਂਕਿੰਗ ਵਿੱਤੀ ਸੇਵਾਵਾਂ**)

7.2 Taxation Practice (**ਕਰ ਪ੍ਰਣਾਲੀ**)

7.3 Insurance (**ਬੀਮਾ**)

7.4 Marketing ( **ਮਾਰਕੀਟਿੰਗ** )

7.5 Modern Office Practice (**ਮਾਡਰਨ ਆਫ਼ਿਸ ਪ੍ਰੈਕਟਿਸ** )

7.6 Cooperative Management (**ਸਹਿਕਾਰੀ ਪ੍ਰਬੰਧਨ**)

7.7 Import and Export Management (**ਆਯਾਤ ਅਤੇ ਨਿਰਯਾਤ ਪ੍ਰਬੰਧਨ** )

**8. Eligibility of Admission in Diploma Colleges (ਡਿਪਲੋਮਾਂ ਕਾਲਜਾਂ ਵਿੱਚ ਦਾਖ਼ਲੇ ਲਈ ਮੁੱਢਲੀ ਯੋਗਤਾ)**

**9.Apprenticeship (ਅਪ੍ਰੈਂਟਿਸਸ਼ਿਪ )**

# ਕਿੱਤਾ ਮੁਖੀ ਸਿੱਖਿਆ Vocational Education

**ਕਿੱਤਾ ਮੁਖੀ** - ਕਿੱਤਾ ਮੁਖੀ ਸਿੱਖਿਆ ਉਹ ਸਿੱਖਿਆ ਹੈ ਜੋ ਵਿਦਿਆਰਥੀਆਂ ਨੂੰ ਟੈਕਨੀਸ਼ੀਅਨ Semi Skilled Worker/ਕਾਰੀਗਰ ਵਜੋਂ ਕੰਮ ਕਰਨ ਲਈ ਤਿਆਰ ਕਰਦੀ ਹੈ। ਕਿੱਤਾ ਮੁਖੀ ਸਿੱਖਿਆ ਨੂੰ ਕਈ ਵਾਰ ਕੈਰੀਅਰ ਅਤੇ ਤਕਨੀਕੀ ਸਿੱਖਿਆ ਵੀ ਕਿਹਾ ਜਾਂਦਾ ਹੈ। ਸੈਕੰਡਰੀ ਪੱਧਰ 'ਤੇ ਕਿੱਤਾ ਮੁਖੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦਿਆਰਥੀ ਆਪਣੇ ਜੀਵਨ ਪੱਧਰ ਨੂੰ ਉੱਚਾ ਚੱਕਣ ਅਤੇ ਸਮਾਜ ਵਿੱਚ ਪੈਦਾ ਹੋਈ ਬੇਰੁਜ਼ਗਾਰੀ ਨੂੰ ਠੱਲ ਪਾਉਣ ਵਿੱਚ ਸਹਾਈ ਹੁੰਦਾ ਹੈ। ਪੰਜਾਬ ਸਰਕਾਰ ਵੱਲੋਂ ਇਸ ਸਮੇਂ **19** ਟਰੇਡਾਂ ਜੋ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਚੱਲ ਰਹੀਆਂ ਹਨ, ਨੂੰ **04** ਮੇਜਰ ਗਰੁੱਪਾਂ ਵਿੱਚ ਵੰਡਿਆ ਜਾ ਸਕਦਾ ਹੈ।

**ਵੋਕੇਸ਼ਨਲ ਟਰੇਡਾਂ ਦੀ ਗਰੁੱਪਾਂ ਅਨੁਸਾਰ ਵੰਡ:**

**1.ਐਗਰੀਕਲਚਰ ਗਰੁੱਪ**

**2. ਟੈਕਨੀਕਲ ਗਰੁੱਪ**

**3. ਹੋਮ ਸਾਇੰਸ ਗਰੁੱਪ**

**4. ਬਿਜ਼ਨੈੱਸ ਗਰੁੱਪ**



## Group Wise & Trades Wise
## ਗਰੁੱਪ ਵਾਈਜ਼ ਅਤੇ ਟਰੇਡ ਵਾਈਜ਼

| Agriculture Group | Engineering & Technology Group | Home Science Group | Business And Commerce Group |
|---|---|---|---|
| 1. Horticulture | 1. Auto Mobile<br>2. Architecture<br>3. Computer Science<br>4. Electrical<br>5. Electronics<br>6. Mechanical | 1. Food preservation<br>2. Garment Making<br>3. Textile Designing<br>4. Textile Weaving<br>5. Knitting Technology | 1. Banking and Financial Services<br>2. Taxation Practice<br>3. Insurance<br>4. Marketing<br>5. Office Practice<br>6. Cooperative Management<br>7. Import and Export Management |

# ਐਗਰੀਕਲਚਰ ਗਰੁੱਪ (Agriculture Group)

## Trade : Horticulture ( ਹੋਰਟੀਕਲਚਰ )

- ਬਾਗ਼ਬਾਨੀ ਖੇਤੀਬਾੜੀ ਦੀ ਇਕ ਸ਼ਾਖਾ ਹੈ, ਜਿਸ ਵਿਚ ਫ਼ਲ, ਸਬਜ਼ੀਆਂ, ਫ਼ੁੱਲ, ਸਜਾਵਟੀ ਪੌਦਿਆਂ ਦਾ ਅਧਿਐਨ ਕਰਨਾ ਹੁੰਦਾ ਹੈ। ਇਸ ਵਿੱਚ ਵਪਾਰਕ ਫਸਲਾਂ ਦੀ ਕਾਸ਼ਤ ਵੀ ਸ਼ਾਮਲ ਹੈ, ਉਦਾਹਰਣ ਵਜੋਂ ਮਸਾਲੇ, ਦਵਾਈਆਂ , ਫਸਲਾਂ, ਮਧੂ ਮੱਖੀ ਪਾਲਣ ਦੀਆਂ ਤਕਨੀਕਾਂ, ਮਸ਼ਰੂਮ ਦੀ ਕਾਸ਼ਤ ਅਤੇ ਵਰਮੀਕਲਚਰ ਸ਼ਾਮਲ ਹਨ। ਅੱਜ ਇਹ ਲੈਂਡਸਕੇਪਿੰਗ ਡਿਜ਼ਾਈਨ ਦੀ ਵਿਸ਼ਾਲ ਸ਼੍ਰੇਣੀ ਨੂੰ ਕਵਰ ਕਰਦਾ ਹੈ।
- HORTICULTURE IS A BRANCH OF AGRICULTURAL SCIENCE. IT DEALS WITH FRUITS, VEGETABLES, FLOWERS AND LANDSCAPE GARDENING. THUS HORTICULTURE IS AN ART OF AND PRACTICE OF GARDENING, CULTIVATING PLANTS, TREES, DECORATIVE INDOOR AND LANDSCAPE PLANTS.
